ਮਹਾਨ ਅਕਤੂਬਰ ਵਰ੍ਹੇ

ਭਾਸ਼ਾ ਅਤੇ ਭਾਸ਼ਾ-ਵਿਕਾਸ

ਵਿਕਤੋਰ ਵਿਨੋਗ੍ਰਾਦੋਵ

ਯੂਨੂਸ ਦੇਸ਼ੇਰੀਏਵ

Sri Satguru Jagjit Singh Ji Elibrary NamdhariElibrary@gmail.com



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal.singh.dhana

ਭਾਸ਼ਾ ਅਤੇ ਭਾਸ਼ਾ-ਵਿਕਾਸ

ਵਿਕਤੋਰ ਵਿਨੋਗ੍ਰਾਦੋਵ

ਯੂਨੂਸ ਦੇਸ਼ੇਰੀਏਵ

ਸੋਵੀਅਤ ਦੇਸ ਪੁਸਤਕਾਂ

੧੯੬੭

Sri Satguru Jagjit Singh Ji Elibrary NamdhariElibrary@gmail.com

ਸੰਪਾਦਕ : ਜੀ. ਐਲ. ਕੋਲੋਕੋਲੋਵ
ਪ੍ਰਬੰਧਕ ਸੰਪਾਦਕ : ਐਲ. ਐਸ. ਕੁਰੀਲੋਵ
ਮੀਤ ਸੰਪਾਦਕ : ਗਿਰਜਾ ਕੁਮਾਰ ਸਿਨਹਾ

ਮੁੱਲ : ੨੦ ਪੈਸੇ

Sri Satguru Jagjit Singh Ji Elibrary NamdhariElibrary@gmail.com

ਭਾਸ਼ਾ ਅਤੇ ਭਾਸ਼ਾ-ਵਿਕਾਸ

(ਹੁਣ ਤਕ ਨਰੋਲ ਬੋਲਚਾਲ ਦੀਆਂ ਭਾਸ਼ਾਵਾਂ ਲਈ ਲਿਪੀ ਤਿਆਰ ਕਰਨ ਵਿਚ ਸੋਵੀਅਤ ਤਜਰਬੇ ਸਬੰਧੀ ਇਕ ਪੁਸਤਕ ।)

Sri Satguru Jagjit Singh Ji Elibrary NamdhariElibrary@gmail.com

ਤਤਕਰਾ

Sri Satguru Jagjit Singh Ji Elibrary NamdhariElibrary@gmail.com

ਜਾਣ-ਪਛਾਣ

ਇਨਕਲਾਬ ਤੋਂ ਪਹਿਲਾਂ ਦੇ ਸਮਿਆਂ ਵਿਚ, ਰੂਸੀ ਸਲਤਨਤ ਦੇ ਸਰਹੱਦੀ ਇਲਾਕਿਆਂ ਦੀਆਂ ਕੌਮਾਂ ਜ਼ਾਰਸ਼ਾਹੀ ਅਤੇ ਸਥਾਨਕ ਲੋਟੂਆਂ ਦੇ ਦੂਹਰੇ ਜੂਲੇ ਵਿਚ ਫਸੀਆਂ ਹੋਈਆਂ ਸਨ। ਉਹ ਲਗਪਗ ਉੱਕਾ ਹੀ ਅਨਪੜ੍ਹ ਸਨ। ਕਜ਼ਾਖ਼ਸਤਾਨ, ਉਜ਼ਬੇਕਿਸਤਾਨ; ਤਾਜਿਕਸਤਾਨ ਅਤੇ ਕਿਰਗੀਜ਼ੀਆ ਦੀ ੯੦—੯੫ ਫ਼ੀ ਸਦੀ ਵਸੋਂ ਅਨਪੜ੍ਹ ਸੀ। ਦੂਰ ਉੱਤਰ, ਦੂਰ ਪੂਰਬ ਅਤੇ ਉੱਤਰੀ ਕਾਕੇਸ਼ੀਆ ਵਿਚ ਹਾਲਤ ਇਸ ਤੋਂ ਵੀ ਭੈੜੀ ਸੀ, ਜਿਥੇ ਅਮਲੀ ਤੌਰ ਤੇ ਕੋਈ ਸੈਕੰਡਰੀ ਜਾਂ ਹਾਇਰ ਸਕੂਲ ਨਹੀਂ ਸੀ ਅਤੇ ਪ੍ਰਾਇਮਰੀ ਸਕੂਲ ਵੀ ਕਿਤੇ ਵਿਰਲਾ ਟਾਵਾਂ ਹੀ ਸੀ।

ਜਿਵੇਂ ਹੀ ਸੋਵੀਅਤ ਸੱਤਾ ਸਥਾਪਤ ਹੋਈ, ਇਸ ਨੇ ਰੂਸ ਦੀਆਂ ਸਭਨਾਂ ਕੌਮਾਂ ਦੀ ਬਰਾਬਰੀ ਦੀ ਘੋਸ਼ਨਾ ਕੀਤੀ। ਸੋਵੀਅਤ ਰਾਜ ਦੇ ਮੁਖੀ ਲੈਨਿਨ ਨੇ ਲਿਖਿਆ: "ਅਸੀਂ ਕੌਮਾਂ ਦੀ ਸਵੈ-ਇੱਛਕ ਯੂਨੀਅਨ ਚਾਹੁੰਦੇ ਹਾਂ — ਇਕ ਯੂਨੀਅਨ ਜੋ ਇਕ ਕੌਮ ਵਲੋਂ ਦੂਜੀ ਦੇ ਦਮਨ ਨੂੰ ਰੱਦ ਕਰਦੀ ਹੈ — ਇਕ ਯੂਨੀਅਨ ਜਿਸ ਦਾ ਆਧਾਰ ਪੂਰਨ ਵਿਸ਼ਵਾਸ, ਭਰਾਤਰੀ ਏਕਤਾ ਦੀ ਸਪਸ਼ਟ ਮਾਨਤਾ, ਅਤੇ ਨਰੋਲ ਸਵੈ-ਇੱਛਕ ਰਜ਼ਾਮੰਦੀ ਹੋਵੇ।"

Sri Satguru Jagjit Singh Ji Elibrary NamdhariElibrary@gmail.com

ਰੂਸ ਦੀਆਂ ਕੌਮਾਂ ਦੇ ਅਧਿਕਾਰਾਂ ਸੰਬੰਧੀ ਐਲਾਨਨਾਮੇ ਵਿਚ ਲੈਨਿਨ ਦੀ ਕੌਮੀ ਨੀਤੀ ਨੂੰ ਕਾਨੂੰਨੀ ਸ਼ਕਲ ਦਿਤੀ ਗਈ, ਜਿਸ ਦੁਆਰਾ ਨਵੰਬਰ ੧੯੧੭ ਵਿਚ ਰੂਸ ਦੀਆਂ ਕੌਮਾਂ ਦੀ ਬਰਾਬਰੀ ਤੇ ਖ਼ੁਦ-ਮੁਖ਼ਤਾਰੀ, ਆਤਮ-ਨਿਰਣੇ ਤੇ ਆਜ਼ਾਦ ਰਿਆਸਤੀ ਦਰਜੇ ਸੰਬੰਧੀ ਉਹਨਾਂ ਦੇ ਅਧਿਕਾਰ, ਹਰ ਤਰ੍ਹਾਂ ਦੇ ਕੌਮੀ ਜਾਂ ਧਾਰਮਕ ਵਿਸ਼ੇਸ਼ ਅਧਿਕਾਰਾਂ ਜਾਂ ਪ੍ਰਤੀਬੰਧਾਂ ਦੇ ਖ਼ਾਤਮੇ ਅਤੇ ਰੂਸ ਦੇ ਇਲਾਕੇ ਵਿਚ ਵਸਦੀਆਂ ਕੌਮੀ ਘਟ-ਗਿਣਤੀਆਂ ਤੇ ਨਸਲੀ ਗਰੁਪਾਂ ਦੇ ਆਜ਼ਾਦ ਵਿਕਾਸ ਦੀ ਘੋਸ਼ਣਾ ਕੀਤੀ ਗਈ।

ਇਹਨਾਂ ਬੁਨਿਆਦੀ ਅਸੂਲਾਂ ਦਾ ਹੋਰ ਵਿਸਥਾਰ ਕੀਤਾ ਗਿਆ ਤੇ ਇਹਨਾਂ ਨੂੰ ਸੋਵੀਅਤ ਸੋਸ਼ਲਿਸਟ ਰਿਆਸਤ ਦੇ ਸੰਵਿਧਾਨ ਵਿਚ ਰਖਿਆ ਗਿਆ।

"ਆਰਥਕ, ਸਰਕਾਰੀ, ਸਭਿਆਚਾਰਕ, ਰਾਜਨੀਤਕ ਅਤੇ ਹੋਰ ਸਮਾਜਕ ਸਰਗਰਮੀ ਦੇ ਸਭਨਾਂ ਖੇਤਰਾਂ ਵਿਚ, ਸੋਵੀਅਤ ਯੂਨੀਅਨ ਦੇ ਨਾਗਰਿਕਾਂ, ਭਾਵੇਂ ਉਹ ਕਿਸੇ ਕੌਮੀਅਤ ਜਾਂ ਨਸਲ ਦੇ ਹੋਣ, ਦੀ ਬਰਾਬਰੀ ਇਕ ਅਮਿਟ ਕਾਨੂੰਨ ਹੈ।

"ਨਾਗਰਿਕਾਂ ਦੇ ਅਧਿਕਾਰਾਂ ਉਤੇ ਉਹਨਾਂ ਦੀ ਨਸਲ ਜਾਂ ਕੌਮੀਅਤ ਕਾਰਨ ਕਿਸੇ ਤਰ੍ਹਾਂ ਦੇ ਪਰਤੱਖ ਜਾਂ ਪਰੋਖ ਪ੍ਰਤੀਬੰਧ, ਜਾਂ ਇਸ ਦੇ ਉਲਟ, ਸਿਧੇ ਜਾਂ ਪੁੱਠੇ ਤੌਰ ਤੇ ਵਿਸ਼ੇਸ਼ ਅਧਿਕਾਰਾਂ ਦੀ ਸਥਾਪਤੀ, ਅਤੇ ਨਸਲੀ ਜਾਂ ਕੌਮੀ ਨਵੇਕਲਤਾ ਜਾਂ ਘਿਰਣਾ ਤੇ ਨਫ਼ਰਤ ਦੀ ਹਮਾਇਤ ਕਾਨੂੰਨ ਦੁਆਰਾ ਸਜ਼ਾ ਦੇਣ ਦੇ ਯੋਗ ਹਨ।"

ਹਰ ਸੋਵੀਅਤ ਰੀਪਬਲਿਕ ਦਾ ਆਪਣਾ ਸੰਵਿਧਾਨ ਹੈ, ਜੋ ਇਸ

Sri Satguru Jagjit Singh Ji Elibrary NamdhariElibrary@gmail.com

ਦੇ ਲੋਕਾਂ ਦੇ ਕੌਮੀ ਲੱਛਣਾਂ ਦਾ ਪਰਤੌ ਹੈ। ਕੌਮੀ ਪ੍ਰਦੇਸ਼ਾਂ ਜਾਂ ਖਿਤਿਆਂ ਵਿਚ ਕਾਨੂੰਨ ਇਸ ਲਈ ਪਾਸ ਕੀਤੇ ਜਾਂਦੇ ਹਨ ਅਤੇ ਰਾਜਨੀਤਕ, ਸਭਿਆਚਾਰਕ, ਆਰਥਕ ਤੇ ਰਾਜ-ਪ੍ਰਬੰਧਕ ਸਰਗਰਮੀਆਂ ਇਸ ਦ੍ਰਿਸ਼ਟੀ ਤੋਂ ਨੇਪਰੇ ਚਾੜ੍ਹੀਆਂ ਜਾਂਦੀਆਂ ਹਨ ਕਿ ਸੰਬੰਧਤ ਕੌਮਾਂ ਦੇ ਕੌਮੀ ਹਿਤਾਂ ਨੂੰ ਉੱਨਤ ਕੀਤਾ ਜਾਏ, ਭਾਵੇਂ ਉਹਨਾਂ ਦੀ ਗਿਣਤੀ ਕਿੰਨੀ ਥੋੜੀ ਹੀ ਕਿਉਂ ਨਾ ਹੋਵੇ।

ਸੋਵੀਅਤ ਯੂਨੀਅਨ ਦੀਆਂ ਪੰਦਰਾਂ ਯੂਨੀਅਨ ਸੋਸ਼ਲਿਸਟ ਰੀਪਬਲਿਕਾਂ ਹਨ, ਜਿਵੇਂ ਰੂਸੀ ਫ਼ੈਡਰੇਸ਼ਨ, ਯੂਕਰੇਨੀ, ਬੇਲੋਰੂਸੀ, ਉਜ਼ਬੇਕ ਆਰਮੇਨੀ, ਕਜ਼ਾਖ਼, ਜਾਰਜੀਆਈ, ਆਜ਼ਰਬਾਈਜਾਨ, ਕਿਰਗੀਜ਼, ਲਾਤਵੀਆ, ਲਿਥੂਆਨੀਆਂ, ਮੋਲਦਾਵੀਆ, ਤਾਜਿਕ, ਤੁਰਕਮੇਨ ਤੇ ਐਸਤੋਨੀਅਨ ਰੀਪਬਲਿਕ। ਇਹਨਾਂ ਵਿਚ ੨੦ ਖ਼ੁਦਅਖ਼ਤਿਆਰ ਰੀਪਬਲਿਕਾਂ, ਨੌਂ ਖ਼ੁਦਅਖ਼ਤਿਆਰ ਪ੍ਰਦੇਸ, ਅਤੇ ਦਸ ਕੌਮੀ ਖਿੱਤੇ ਸ਼ਾਮਲ ਹਨ।

ਰੂਸੀ ਫ਼ੈਡਰੇਸ਼ਨ ਵਿਚ ੧੬ ਖ਼ੁਦਅਖ਼ਤਿਆਰ ਰੀਪਬਲਿਕਾਂ, (ਬਾਸ਼ਕੀਰੀਅਨ, ਬੁਰਯਾਤ, ਚੇਚੇਨੋ-ਇਨਗੁਸ਼, ਚੁਵਾਸ਼, ਦਾਗਸਤਾਨ, ਕਬਾਰਦੀਨੀਅਨ-ਬਾਲਕਾਰ, ਕਾਲਮੀਕ, ਕਾਰੇਲੀਅਨ, ਕੋਮੀ, ਮਾਰੀ, ਮਾਰਦੋਵੀਅਨ, ਉਤਰੀ ਓਸੇਤੀਅਨ, ਤਾਤਾਰ, ਤੂਵਾ, ਉਦਮੂਰਤ ਅਤੇ ਯਾਕੂਤ ਖ਼ੁਦਅਖ਼ਤਿਆਰ ਸੋਵੀਅਤ ਸੋਸ਼ਲਿਸਟ ਰੀਪਬਲਿਕ); ਪੰਜ ਖ਼ੁਦਅਖ਼ਤਿਆਰ ਪ੍ਰਦੇਸ਼ (ਅਦੀਗੇਈ, ਕੋਰਨੀ ਅਲਤਾਈ, ਜੇਵਿਸ਼, ਕਾਰਚਾਈ-ਚੇਰਕੇਸ, ਖਾਕਾਸ) ਅਤੇ ਦਸ ਕੌਮੀ ਖਿੱਤੇ (ਅਗੀਨਸਕ, ਤੇ ਉਸਤ-ਓਰਦੀਨ ਬੁਰਯਾਤ, ਚੂਕੋਤ, ਏਵੇਨਕੀ, ਖ਼ਾਨਤੀ-ਮਾਨਸੀ, ਕੋਮੀ

Sri Satguru Jagjit Singh Ji Elibrary NamdhariElibrary@gmail.com

ਪੇਰਮੀਅਕ, ਕੋਰਯਾਕ, ਨੇਨੇਤਸ, ਤਾਈਮੀਰ, ਯਾਮਾਲੋ-ਨੇਨੇਤਸ) ਸ਼ਾਮਲ ਹਨ।

ਜਾਰਜੀਆ ਦੀ ਸੋਵੀਅਤ ਸੋਸ਼ਲਿਸਟ ਰੀਪਬਲਿਕ ਵਿਚ ਅਬਖਾਜ਼ੀਅਨ ਅਤੇ ਅਜਾਰੀਅਨ ਖ਼ੁਦਅਖ਼ਤਿਆਰ ਰੀਪਬਲਿਕਾਂ ਅਤੇ ਦਖਣੀ ਓਸਤੇਨੀਆ ਦਾ ਖ਼ੁਦਅਖ਼ਤਿਆਰ ਪ੍ਰਦੇਸ਼ ਸ਼ਾਮਲ ਹੈ। ਉਜ਼ਬੇਕ ਸੋਵੀਅਤ ਸੋਸ਼ਲਿਸਟ ਰੀਪਬਲਿਕ ਵਿਚ ਕਾਰਾ-ਕਲਪਾਕ ਖ਼ੁਦ-ਅਖ਼ਤਿਆਰ ਰੀਪਬਲਿਕ ਅਤੇ ਤਾਜਿਕ ਸੋਵੀਅਤ ਸੋਸ਼ਲਿਸਟ ਰੀਪਬਲਿਕ ਵਿਚ ਗੋਰਨੀ ਬਦਖ਼ਸ਼ਾਂ ਖ਼ੁਦਅਖ਼ਤਿਆਰ ਪ੍ਰਦੇਸ਼ ਸ਼ਾਮਲ ਹੈ। ਆਜ਼ਰਬਾਈਜਾਨ ਸੋਵੀਅਤ ਸੋਸ਼ਲਿਸਟ ਰੀਪਬਲਿਕ ਵਿਚ ਨਾਖੀਚੇਵਾਨ ਖ਼ੁਦਅਖ਼ਤਿਆਰ ਰੀਪਬਲਿਕ ਅਤੇ ਨਾਗੋਰਨੋ-ਕਾਰਾਬਾਖ਼ ਖ਼ੁਦਅਖ਼ਤਿਆਰ ਪ੍ਰਦੇਸ਼ ਸ਼ਾਮਲ ਹੈ।

ਕਾਨੂੰਨ ਅਗੇ ਸੋਵੀਅਤ ਯੂਨੀਅਨ ਦੇ ਸਭੇ ਨਾਗਰਿਕ ਇਕੋ ਜਿਹੇ ਹਨ। ਆਜ਼ਾਦੀ, ਬਰਾਬਰੀ, ਪ੍ਰਸਪਰ ਸਹਾਇਤਾ, ਭਰਾਤਰੀ, ਰਾਜਨੀਤਕ ਆਰਥਕ ਤੇ ਸਭਿਆਚਾਰਕ ਮਿਲਵਰਤਨ ਅਤੇ ਆਸ਼ਿਆਂ ਦੀ ਏਕਤਾ ਨੇ ਸੋਵੀਅਤ ਯੂਨੀਅਨ ਦੇ ਲੋਕਾਂ ਨੂੰ ਇਕ ਦੋਸਤਾਨਾ ਭਰਾਤਰੀ ਪਰਵਾਰ ਵਿਚ ਇਕਮੁਠ ਕੀਤਾ ਹੋਇਆ ਹੈ।

ਹਰ ਯੂਨੀਅਨ ਰੀਪਬਲਿਕ, ਖ਼ੁਦਅਖ਼ਤਿਆਰ ਰੀਪਬਲਿਕ, ਖ਼ੁਦ-ਅਖ਼ਤਿਆਰ ਪ੍ਰਦੇਸ਼ ਜਾਂ ਕੌਮੀ ਖਿੱਤੇ ਦੀ ਆਪਣੀ ਕੌਮੀ ਭਾਸ਼ਾ ਹੈ ਅਤੇ ਕੁਝ ਇਕਨਾ ਦੀਆਂ ਕਈ ਸਥਾਨਕ ਬੋਲੀਆਂ ਹਨ। ਮਿਸਾਲ ਲਈ,ਅ ਵਾਰ, ਦਾਰਗੀਆਨ, ਲਾਕ, ਲੇਜ਼ਗਿਨ ਅਤੇ ਤਾਬਾਸਾਰਾਨ ਦਾਗਸਤਾਨ ਖ਼ੁਦ-ਅਖ਼ਤਿਆਰ ਰੀਪਬਲਿਕ ਦੀਆਂ ਬੋਲੀਆਂ ਹਨ ; ਅਬਾਜ਼ੀਨ, ਕਬਾਰਦਿਨ

Sri Satguru Jagjit Singh Ji Elibrary NamdhariElibrary@gmail.com

ਚੇਰਕੇਸ, ਕਾਰਾਚਾਈ-ਬਾਲਕਾਰ ਅਤੇ ਨੋਗਾਈ ਕਾਰਾਚਾਈ-ਚੇਰਕੇਸ ਖ਼ੁਦਅਖ਼ਤਿਆਰ ਪ੍ਰਦੇਸ਼ ਦੀਆਂ ਬੋਲੀਆਂ ਹਨ ; ਖਾਨਤੀ ਤੇ ਮਾਨਸੀ ਖਾਨਤੀ-ਮਾਨਸੀ ਕੌਮੀ ਖਿੱਤੇ ਦੀਆਂ ਬੋਲੀਆਂ ਹਨ ।

ਕੌਮੀ ਗਣਰਾਜੀ, ਪ੍ਰਦੇਸ਼ਕ ਤੇ ਖਿੱਤੇ ਦੇ ਸਰਕਾਰੀ ਅਦਾਰਿਆਂ ਵਿਚ ਮੁਖ ਕਰ ਕੇ ਉਥੋਂ ਦੇ ਜੰਮ-ਪਲ ਕਰਮਚਾਰੀ ਹੀ ਕੰਮ ਕਰਦੇ ਹਨ; ਦਫ਼ਤਰਾਂ ਵਿਚ ਮਾਂ ਬੋਲੀਆਂ ਵਿਚ ਕੰਮ ਹੁੰਦਾ ਹੈ ਤੇ ਸਿਖਿਆ ਵੀ ਉਸੇ ਹੀ ਭਾਸ਼ਾ ਵਿਚ ਦਿਤੀ ਜਾਂਦੀ ਹੈ। ਇਹ ਸਿਰਫ਼ ਸੋਵੀਅਤ ਸਮਿਆਂ ਵਿਚ ਹੀ ਸੰਭਵ ਹੋਇਆ । ਕਿਉਂਕਿ ਬਹੁਤ ਸਾਰੀਆਂ ਕੌਮਾਂ ਨੂੰ ਪਹਿਲੀ ਵਾਰੀ, ਲਿਖਤੀ ਬੋਲੀ ਪ੍ਰਾਪਤ ਹੋਈ ਅਤੇ ਇਸ ਪ੍ਰਚਾਰ ਸਮਕਾਲੀ ਸਭਿਆਚਾਰ, ਵਿਗਿਆਨ, ਟੈਕਨਾਲੋਜੀ, ਕਲਾ, ਸਾਹਿੱਤ ਤੇ ਮਨੁੱਖੀ ਗਿਆਨ ਦੇ ਸਭ ਭੰਡਾਰ ਉਹਨਾਂ ਲੋਕਾਂ ਦੀ ਪਹੁੰਚ ਗੋਚਰੇ ਹੋਏ ਜਿਨ੍ਹਾਂ ਦੇ ਵਿਕਾਸ ਨੂੰ ਪਹਿਲਾਂ ਬੰਨ੍ਹ ਮਾਰਿਆ ਹੋਇਆ ਸੀ ।

ਮਾਂ ਬੋਲੀ ਵਿਚ ਮੁੱਢਲੀ ਤੇ ਸੈਕੰਡਰੀ ਪੜ੍ਹਾਈ ਦਾ ਤੇਜ਼ੀ ਨਾਲ ਵਿਕਾਸ ਹੋਇਆ ਤੇ ਉਚੇਰੀ ਸਿਖਿਆ ਦੀ ਚੋਖੀ ਵਾਸਤਵਿਕ ਸੰਭਾਵਨਾ ਹੋ ਗਈ । ਸਰਕਾਰੀ ਕਰਮਚਾਰੀਆਂ, ਵਿਗਿਆਨੀਆਂ, ਸਭਿਆਚਾਰਕ ਕਾਰਕੁਨਾਂ ਅਤੇ ਇੰਜੀਨੀਅਰਾਂ ਦੀ ਸਿਖਲਾਈ ਦੇ ਪ੍ਰੋਗਰਾਮ ਸ਼ੁਰੂ ਕੀਤੇ ਗਏ । ਸਭਨਾਂ ਸੋਵੀਅਤ ਬੋਲੀਆਂ ਵਿਚ ਪਾਠ-ਪੁਸਤਕਾਂ, ਅਨੁਵਾਦਾਂ, ਦੈਨਿਕ ਅਖ਼ਬਾਰਾਂ ਤੇ ਰਸਾਲਿਆਂ ਦਾ ਵਿਸ਼ਾਲ ਪ੍ਰਕਾਸ਼ਨ ਜਥੇਬੰਦ ਕੀਤਾ ਗਿਆ ।

ਥੋੜੇ ਹੀ ਸਮੇਂ ਵਿਚ, ਮਾਂ-ਬੋਲੀ ਦੇ ਸਕੂਲਾਂ ਲਈ ਅਧਿਆਪਕਾਂ ਦਾ ਇਕ ਅਮਲਾ ਤਿਆਰ ਹੋ ਗਿਆ । ਕਮਿਊਨਿਸਟ ਪਾਰਟੀ ਦੇ

Sri Satguru Jagjit Singh Ji Elibrary NamdhariElibrary@gmail.com

ਵਿਸ਼ਾਲ ਸਭਿਆਚਾਰਕ ਤੇ ਵਿਦਿਅਕ ਕੰਮ ਅਤੇ ਲੋਕ ਵਿੱਦਿਆ ਦੀ ਸ਼ਾਨਦਾਰ ਜਥੇਬੰਦੀ ਨੇ ਬੇਮਿਸਾਲ ਸਭਿਆਚਾਰਕ ਉਭਾਰ ਪੈਦਾ ਕੀਤਾ। ਜਿਵੇਂ ਕਿ ਇਕ ਸਮੇਂ ਦਾ ਪਛੜਿਆ ਹੋਇਆ, ਜ਼ਾਰੱਈ ਰੂਸ ਇਕ ਉੱਨਤ ਸਨਅਤੀ ਤਾਕਤ ਬਣ ਗਿਆ, ਤਿਵੇਂ ਹੀ ਇਹ ਵਿਆਪਕ ਪੜ੍ਹਤਾ ਦਾ ਦੇਸ਼ ਵੀ ਬਣਿਆ।

ਇਹਨਾਂ ਪ੍ਰਾਪਤੀਆਂ ਦਾ ਸਿਹਰਾ ਪੂਰਨ ਕੌਮੀ ਬਰਾਬਰੀ, ਮਿੱਤਰਤਾ ਤੇ ਮਿਲਵਰਤਨ ਦੇ ਆਧਾਰ ਉਤੇ ਭਾਸ਼ਾ ਦੀ ਸਮੱਸਿਆ ਦੇ ਹੱਲ ਦੇ ਸਿਰ ਕੋਈ ਘਟ ਨਹੀਂ ਹੈ।

Sri Satguru Jagjit Singh Ji Elibrary NamdhariElibrary@gmail.com

ਇਨਕਲਾਬੋਂ ਪਹਿਲਾਂ ਦੇ ਰੂਸ ਵਿਚ ਭਾਸ਼ਾਵਾਂ

ਰੂਸੀ ਸਲਤਨਤ ਦੇ ਸਰਹੱਦੀ ਇਲਾਕਿਆਂ ਦੀਆਂ ਕੌਮਾਂ ਦੀਆਂ ਬੋਲੀਆਂ ਵਿਚ ਹੇਠ ਲਿਖੀਆਂ ਗੱਲਾਂ ਦੀ ਸਾਂਝ ਸੀ :

ਬੋਲੀਆਂ ਜਾਂਦੀਆਂ ਬਹੁਤੀਆਂ ਬੋਲੀਆਂ ਲਈ ਸਾਂਝੀ ਲਿਖਤੀ ਭਾਸ਼ਾ ਦੀ ਅਣਹੋਂਦ ;

ਦੀਰਘ ਆਰਥਕ, ਰਾਜਨੀਤਕ ਤੇ ਸਭਿਆਚਾਰਕ ਸੰਬੰਧਾਂ ਦੀ ਅਣਹੋਂਦ ਜਿਸ ਕਾਰਨ ਵਿਸ਼ਾਲ ਰੂਪ ਵਿਚ ਅਣਮਿਲਦੀਆਂ ਸਥਾਨਕ ਉਪ-ਭਾਖਾਵਾਂ ਤੇ ਜ਼ੈਲੀ-ਬੋਲੀਆਂ ਦੀ ਨਿਰੰਤਰ ਹੋਂਦ ਰਹੀ ;

ਕੌਮੀ ਘਟ-ਗਿਣਤੀਆਂ ਦੀਆਂ ਕੋਈ ਆਮ ਸਾਹਿੱਤਕ ਭਾਸ਼ਾਵਾਂ ਨਹੀਂ ਸਨ ;

ਪੁਰਾਣੀਆਂ ਲਿਖਤੀ ਭਾਸ਼ਾਵਾਂ ਦਾ ਆਧਾਰ ਅਕਸਰ ਮਧ-ਕਾਲੀਨ ਉਪ-ਭਾਖਾਵਾਂ ਸਨ, ਜਿਸ ਨੂੰ ਜਨਤਾ ਸਮਝਦੀ ਨਹੀਂ ਸੀ ;

ਕੁਝ ਸਰਗਰਮ ਪ੍ਰਵਿਰਤੀਆਂ ਨੇ ਉਪ-ਭਾਖਾਵਾਂ ਤੇ ਜ਼ੈਲੀ-ਬੋਲੀਆਂ ਦੇ ਪਾੜ ਨੂੰ ਉਤਸਾਹਤ ਕੀਤਾ ।

ਇਹ ਗੱਲਾਂ ਪੁਰਾਣੇ ਰੂਸ ਦੇ ਬਾਹਰਵਾਰ ਦੇ ਬਹੁ-ਕੌਮੀ ਪ੍ਰਦੇਸ਼ਾਂ ਦਾ ਵਿਸ਼ੇਸ਼ ਲੱਛਣ ਸਨ । ਕਾਕੇਸ਼ੀਆ; ਮਧ-ਏਸ਼ੀਆ, ਕਜ਼ਾਖ਼ਸਤਾਨ, ਵੋਲਗਾ,

Sri Satguru Jagjit Singh Ji Elibrary NamdhariElibrary@gmail.com

ਖਿਤਾ, ਸਾਇਬੇਰੀਆ, ਦੂਰ ਉਤਰ, ਦੂਰ ਪੂਰਬ, ਆਦਿ, ਭਾਸ਼ਾਈ ਤੌਰ ਤੇ ਬੇਹੱਦ ਬਹੁਰੰਗਾ ਚਿੱਤਰ ਪੇਸ਼ ਕਰਦੇ ਸਨ। ਕਾਕੇਸ਼ੀਆ ਵਿਚ ਕਈ ਇਕ ਸਥਾਨਕ ਕਾਕੇਸ਼ੀਆਈ, ਤੁਰਕੀ, ਈਰਾਨੀ, ਸਲਾਵਿਕ ਤੇ ਹੋਰ ਬੋਲੀਆਂ ਆਪੋ ਵਿਚ ਰਲ ਗੱਡ ਹੋ ਗਈਆਂ ਸਨ, ਜਿਸ ਦੇ ਸਿੱਟੇ ਵਜੋਂ ਅਣ ਗਿਣਤ ਉਪ-ਬੋਲੀਆਂ ਦਾ ਜਨਮ ਹੋ ਗਿਆ ਸੀ ਅਤੇ ਮਧ-ਏਸ਼ੀਆ ਵਿਚ ਅਰਬੀ ਦੀਆਂ ਕੁਝ ਉਪ-ਭਾਸ਼ਾਵਾਂ ਦੇ ਨਾਲ ਨਾਲ ਤੁਰਕੀ ਤੇ ਈਰਾਨੀ ਭਾਸ਼ਾਵਾਂ ਪ੍ਰਚਲਤ ਸਨ ; ਵੋਲਗਾ ਖਿੱਤੇ ਵਿਚ ਫ਼ਿਨੋ-ਯੂਗਰਿਕ, ਪੂਰਬੀ ਸਲਾਵਿਕ ਤੇ ਤੁਰਕੀ ; ਸਾਇਬੇਰੀਆ ਵਿਚ ਰੂਸੀ, ਮੰਗੋਲੀਅਨ, ਤੁਨਗੂਸ-ਮਾਨਚੂ ਅਤੇ ਫ਼ਿਨੋ-ਯੂਗਰਿਕ ; ਦੂਰ ਉਤਰ ਤੇ ਦੂਰ ਪੂਰਬ ਵਿਚ ਪਾਲੇਉ-ਏਸ਼ੀਆਈ, ਰੂਸੀ, ਆਦਿ।

ਇਹਨਾਂ ਵਿਚੋਂ ਕੁਝ ਭਾਸ਼ਾਵਾਂ ਨੂੰ ਬੋਲਣ ਵਾਲੇ ਲੱਖਾਂ ਦੀ ਗਿਣਤੀ ਵਿਚ ਸਨ (ਜਿਵੇਂ ਉਜ਼ਬੇਕ ਤੇ ਕਜ਼ਾਖ਼) ਅਤੇ ਕਈਆਂ ਨੂੰ ਕੁਝ ਕੁ ਸੈਂਕੜੇ ਲੋਕ ਹੀ ਵਰਤਦੇ ਸਨ (ਜਿਵੇਂ ਗਿਨੂਖ ਅਤੇ ਇਸ਼ਕਾਸ਼ਿਮ)। ਇਹਨਾਂ ਵਿਚੋਂ ਬਹੁਤੀਆਂ ਭਾਸ਼ਾਵਾਂ ਦੀ ਲਿਪੀ ਨਹੀਂ ਸੀ। (ਜਿਵੇਂ ਕਿਰਗੀਜ਼, ਇਨਗੂਸ਼, ਚੇਚੇਨ, ਨਾਨਾਈ, ਖਾਨਤੀ)।

ਜਿਥੋਂ ਤਕ ਪ੍ਰਾਚੀਨ ਲਿਪੀ ਵਾਲੀਆਂ ਲਿਖਤੀ ਭਾਸ਼ਾਵਾਂ ਦਾ ਸੰਬੰਧ ਹੈ, ਜਿਵੇਂ ਉਜ਼ਬੇਕ ਤੇ ਤਾਜਿਕ, ਉਹ ਮਧ-ਕਾਲੀਨ ਉਪ-ਭਾਖਾਵਾਂ ਵਿਚੋਂ ਉਗਮੀਆਂ ਸਨ, ਜਿਸ ਤੋਂ ਜੀਉਂਦੀਆਂ ਬੋਲਚਾਲ ਦੀਆਂ ਭਾਸ਼ਾਵਾਂ ਦੇ ਮੁਖ ਲੱਛਣਾਂ ਦਾ ਕੋਈ ਪਤਾ ਨਹੀਂ ਸੀ ਲਗਦਾ ਅਤੇ ਅਮਲੀ ਤੌਰ ਤੇ ਉਹ ਕਿਰਤੀ ਜਨ-ਸਮੂਹ ਦੀ ਸਮਝ ਤੋਂ ਪਰੇ ਸਨ।

ਵੋਲਗਾ ਖਿੱਤੇ, ਸਾਇਬੇਰੀਆ, ਮਧ-ਏਸ਼ੀਆ, ਕਜ਼ਾਖ਼ਸਤਾਨ ਅਤੇ

Sri Satguru Jagjit Singh Ji Elibrary NamdhariElibrary@gmail.com

ਕਾਕੇਸ਼ੀਆ ਦੀ ਸਥਾਨਕ ਵਸੋਂ ਦੀ ਉਪਰਲੀ ਪਰਤ ਨੇ ਅਜਿਹੀਆਂ ਸਾਹਿੱਤਕ ਭਾਸ਼ਾਵਾਂ ਵਿਚ, ਜਿਵੇਂ ਰੂਸੀ, (ਸਰਕਾਰੀ), ਅਰਬੀ (ਪੂਰਬ ਮੁਸਲਮ ਪਾਦਰੀ ਤਬਕੇ ਦੀ ਜ਼ਬਾਨ) ਅਤੇ ਫ਼ਾਰਸੀ (ਸੁਦਾਗਰਾਂ) ਵਿਚ, ਨਿਪੁੰਨਤਾ ਪ੍ਰਾਪਤ ਕਰ ਲਈ ਸੀ। ਮਜ਼ਦੂਰਾਂ ਨੂੰ ਅਜਿਹੇ ਸਕੂਲ ਖੋਹਲਣ ਦੀ ਆਗਿਆ ਨਹੀਂ ਸੀ, ਜਿਹੜੇ ਮਾਂ-ਬੋਲੀ ਵਿਚ ਸਿਖਿਆ ਦੇਂਦੇ।

ਅਕਤੂਬਰ ਸੋਸ਼ਲਿਸਟ ਇਨਕਲਾਬ ਨੇ ਲੋਕਾਂ ਦੇ ਸਮਾਜਕ, ਆਰਥਕ ਤੇ ਸਭਿਆਚਾਰਕ ਜੀਵਨ ਵਿਚ ਮੂਲ ਤਬਦੀਲੀਆਂ ਲਿਆਂਦੀਆਂ, ਜਿਨ੍ਹਾਂ ਕਾਰਨ ਉਹਨਾਂ ਦੀਆਂ ਭਾਸ਼ਾਵਾਂ ਦਾ ਵਿਕਾਸ ਤੇਜ਼ ਹੋਇਆ।

ਉਹਨਾਂ ਭਾਸ਼ਾਵਾਂ ਲਈ, ਜਿਹੜੀਆਂ ਹੁਣ ਤਕ ਬੋਲ ਚਾਲ ਦੀ ਜ਼ਬਾਨ ਹੀ ਸਨ, ਲਿਪੀਆਂ ਤਿਆਰ ਕੀਤੀਆਂ ਗਈਆਂ। ਅਜਿਹੇ ਸਕੂਲ ਤੇ ਕਾਲਜ ਖੁਲ੍ਹੇ ਜਿਨ੍ਹਾਂ ਵਿਚ ਸਿਖਿਆ ਦਾ ਮਾਧਿਅਮ ਮਾਂ ਬੋਲੀ ਬਣੀ। ਕਥਾ ਸਾਹਿੱਤ, ਸਮਾਜੀ-ਰਾਜਸੀ ਤੇ ਵਿਗਿਆਨਕ ਸਾਹਿੱਤ ਅਤੇ ਅਖ਼ਬਾਰਾਂ ਤੇ ਰਸਾਲੇ ਸਥਾਨਕ ਬੋਲੀਆਂ ਵਿਚ ਪ੍ਰਕਾਸ਼ਤ ਕੀਤੇ ਜਾਣ ਲਗੇ। ਇਸ ਨਾਲ ਕੌਮੀ ਸਭਿਆਚਾਰ ਦ ਵਿਕਾਸ ਨੂੰ ਜ਼ਬਰਦਸਤ ਪਰੇਰਨਾ ਮਿਲੀ। ਯੂਨੀਅਨ ਰੀਪਬਲਿਕਾਂ ਵਿਚ ਦਫ਼ਤਰੀ ਕੰਮ ਕਾਰ ਲਈ ਸਥਾਨਕ ਭਾਸ਼ਾਵਾਂ ਦੀ ਵਰਤੋਂ ਸ਼ੁਰੂ ਹੋਈ। ਵਿਗਿਆਨਕ-ਟੈਕਨਾਲੋਜੀਕਲ, ਅਤੇ ਸਮਾਜੀ-ਰਾਜਸੀ ਸੰਕੇਤਾਵਲੀ ਤਿਆਰ ਕੀਤੀ ਗਈ, ਅਤੇ ਸਭਨਾਂ ਸਾਹਿੱਤਕ ਭਾਸ਼ਾਵਾਂ ਦੇ ਸਮਾਜੀ ਕਰਤੱਵਾਂ ਦਾ ਪਸਾਰ ਕੀਤਾ ਗਿਆ।

Sri Satguru Jagjit Singh Ji Elibrary NamdhariElibrary@gmail.com

ਸੋਵੀਅਤ ਯੂਨੀਅਨ ਦੀਆਂ ਕੌਮਾਂ ਦੀਆਂ ਭਾਸ਼ਾਵਾਂ

ਜਿਥੋਂ ਤਕ ਭਾਸ਼ਾ — ਪ੍ਰਕਾਰਾਂ ਦੀਆਂ ਵੰਨਗੀਆਂ ਦਾ ਸੰਬੰਧ ਹੈ, ਦੁਨੀਆਂ ਵਿਚ ਸ਼ਾਇਦ ਹੀ ਕੋਈ ਅਜਿਹਾ ਰਾਜ ਹੋਵੇ, ਜਿਸ ਦੀ ਸੋਵੀਅਤ ਯੂਨੀਅਨ ਨਾਲ ਤੁਲਨਾ ਕੀਤੀ ਜਾ ਸਕੇ। (ਸੋਵੀਅਤ ਯੂਨੀਅਨ ਦੀਆਂ ਕੌਮੀਅਤਾਂ ਤੇ ਕੌਮਾਂ ਦੀ ਸੂਚੀ ਲਈ ਅੰਤਿਕਾ ਦੀ ਸਾਰਣੀ ਨੰਬਰ ੧ ਦੇਖੋ)।

ਬੰਸਾਵਲੀ ਦੇ ਤੌਰ ਤੇ ਸੋਵੀਅਤ ਯੂਨੀਅਨ ਦੀਆਂ ਕੌਮਾਂ ਦੀਆਂ ਭਾਸ਼ਾਵਾਂ ਹੇਠ ਲਿਖੇ ਭਾਸ਼ਾ ਪਰਵਾਰਾਂ ਅਤੇ ਸ਼ਾਖ਼ਾਂ (ਦਲਾਂ) ਨਾਲ ਸੰਬੰਧਤ ਹਨ।

ਹਿੰਦ-ਯੂਰਪੀ ਪਰਵਾਰ : ਸੋਵੀਅਤ ਲੋਕਾਂ ਦਾ ਇਕ ਵਡੇਰਾ ਭਾਗ, ਪੂਰਬੀ ਸਲਾਵੋਨਿਕ ਦਲ ਹਿੰਦ-ਪੂਰਬੀ ਪਰਵਾਰ ਦੀਆਂ ਭਾਸ਼ਾਵਾਂ — ਰੂਸੀ, ਯੂਕਰੇਨੀ ਤੇ ਬੇਲੋਰੂਸੀ — ਬੋਲਦਾ ਹੈ ਅਤੇ ਇਹ ਹਿੱਸਾ ਵਸੋਂ ਦਾ ਲਗਪਗ ੭੫ ਫ਼ੀ ਸਦੀ ਹੈ।

ਹਿੰਦ-ਯੂਰਪੀ ਪਰਵਾਰ ਦੀਆਂ ਦੂਜੀਆਂ ਭਾਸ਼ਾਵਾਂ ਹਨ, ਆਰਮੇਨੀ, ਮੌਲਦਾਵੀਆਈ, ਲਾਤਵੀ, ਲਿਥੂਆਨੀ, ਜਿਪਸੀ, ਯੀਦੀਸ਼, ਤਾਜਿਕ, ਓਸੇਤੀਅਨ, ਕੁਰਦੀਸ਼, ਤਾਲੀਸ਼ੀ, ਤਾਤ, ਬੇਲੂਦਜ਼ੀ, ਯਾਗਨੋਬੀ, ਵਾਖਾਨ, ਇਸ਼ਕਾਸ਼ਮੀ, ਯਾਜ਼ਗੁਲਾਮੀ ਅਤੇ ਸੁਗਨੀ-ਰੁਸ਼ਾਨੀ ਦਲ।

Sri Satguru Jagjit Singh Ji Elibrary NamdhariElibrary@gmail.com

ਰੂਸੀ ਸੰਸਾਰ ਦੀਆਂ ਅਤਿ ਵਿਕਸਤ ਭਾਸ਼ਾਵਾਂ ਵਿਚੋਂ ਇਕ ਹੈ ਅਤੇ ਇਸ ਨੂੰ ਸੰਯੁਕਤ ਰਾਸ਼ਟਰ ਦੀਆਂ ਸਰਕਾਰੀ ਭਾਸ਼ਾਵਾਂ ਵਿਚ ਸ਼ਾਮਲ ਕੀਤਾ ਗਿਆ ਹੈ। ਸੋਵੀਅਤ ਯੂਨੀਅਨ ਦੀਆਂ ਭਾਸ਼ਾਵਾਂ ਵਿਚ ਬਰਾਬਰ ਦਾ ਦਰਜਾ ਰਖਦਿਆਂ, ਇਹ ਅੰਤਰ-ਕੌਮੀ ਵਰਤੋਂ ਦੀ ਭਾਸ਼ਾ ਦਾ ਕੰਮ ਦੇਂਦੀ ਹੈ ਅਤੇ ਦੂਜੀਆਂ ਸੋਵੀਅਤ ਭਾਸ਼ਾਵਾਂ ਦੇ ਵਿਕਾਸ ਤੇ ਉਹਨਾਂ ਦੀ ਅਮੀਰੀ ਦਾ ਇਕ ਵੱਡਾ ਸੋਮਾ ਹੈ। ਦੂਜੇ ਪਾਸੇ, ਇਹ ਵੀ ਉਹਨਾਂ ਤੋਂ ਖੁਲ੍ਹੇ ਤੌਰ ਤੇ ਸ਼ਬਦਾਵਲੀ ਆਦਿ ਲੈ ਕੇ ਅਮੀਰ ਹੋਈ ਹੈ।

ਸਭਨਾਂ ਸੋਵੀਅਤ ਰੀਪਬਲਿਕਾਂ ਵਿਚ ਪ੍ਰਾਇਮਰੀ ਤੇ ਸੈਕੰਡਰੀ ਸਕੂਲ ਅਤੇ ਕਾਲਜਾਂ ਤੇ ਵਿਸ਼ਵ-ਵਿਦਿਆਲਿਆਂ ਦੇ ਕੌਮੀ ਵਿਭਾਗ ਹਨ, ਜਿਥੇ ਵੱਡੀ ਸਥਾਨਕ ਬੋਲੀ ਵਿਚ ਪੜ੍ਹਾਈ ਕਰਾਈ ਜਾਂਦੀ ਹੈ (ਜਿਵੇਂ, ਯੂਕਰੇਨ ਵਿਚ ਯੂਕਰੇਨੀ, ਬੇਲੋਰੂਸ ਵਿਚ ਬੇਲੋਰੂਸੀ, ਅਤੇ ਮੋਲਦਾਵੀਅਨ ਸੋਵੀਅਤ ਸੋਸ਼ਲਿਸਟ ਰੀਪਬਲਿਕ ਵਿਚ ਮੋਲਦਾਵੀਅਨ ਵਿਚ, ਆਦਿ)।

ਆਰਮੇਨੀਅਨ ਸੋਵੀਅਤ ਸੋਸ਼ਲਿਸਟ ਰੀਪਬਲਿਕ ਦੀ ਮੁਖ ਸਾਹਿੱਤਕ ਭਾਸ਼ਾ, ਆਰਮੇਨੀ ਪੰਜਵੀਂ ਸਦੀ ਈਸਵੀ ਵਿਚ ਰਚੀ ਗਈ ਪੁਰਾਣੀ ਆਰਮੇਨੀ ਵਰਣ ਮਾਲਾ ਦੀ ਵਰਤੋਂ ਕਰਦੀ ਹੈ।

ਲਾਤਵੀਆ ਦੀ ਸੋਵੀਅਤ ਸੋਸ਼ਲਿਸਟ ਰੀਪਬਲਿਕ ਵਿਚ, ਕੌਮੀ ਭਾਸ਼ਾ ਲਾਤਵੀ ਹੈ, ਅਤੇ ਲਿਥੁਆਨੀਅਨ ਸੋਵੀਅਤ ਸੋਸ਼ਲਿਸਟ ਰੀਪਬਲਿਕ ਦੀ ਭਾਸ਼ਾ ਹੈ ਲਿਥੁਆਨੀ। ਲਾਤਵੀ ਤੇ ਲਿਥੁਆਨੀ ਦੋਵੇਂ ਹੀ ਲਾਤੀਨੀ ਵਰਣਮਾਲਾ ਦੀ ਵਰਤੋਂ ਕਰਦੀਆਂ ਹਨ।

ਬਾਕੀ ਭਾਸ਼ਾਵਾਂ ਲਈ ਵਰਤੀ ਜਾਂਦੀ ਵਰਣਮਾਲਾ ਰੂਸੀ ਲਿਪੀ ਤੇ ਆਧਾਰਤ ਹੈ।

Sri Satguru Jagjit Singh Ji Elibrary NamdhariElibrary@gmail.com

ਹਿੰਦ-ਯੂਰਪੀ ਪਰਵਾਰ ਦੇ ਈਰਾਨੀ ਗਰੁਪ ਦੀ ਪ੍ਰਤੀਨਿਧਤਾ ਸੋਵੀਅਤ ਕੌਮੀ ਘਟ-ਗਿਣਤਿਆਂ ਦੀਆਂ ਕੁਰਦੀਸ਼ ਓਸੇਤੀਅਨ ਭਾਸ਼ਾਵਾਂ ਕਰਦੀਆਂ ਹਨ। ਇਹ ਸੋਵੀਅਤ ਸਮਿਆਂ ਵਿਚ ਸਾਹਿੱਤਕ (ਲਿਖਤੀ) ਭਾਸ਼ਾਵਾਂ ਬਣੀਆਂ ਹਨ। ਇਹਨਾਂ ਦੀ ਸਮਕਾਲੀ ਲਿਪੀ ਰੂਸੀ ਵਰਣ-ਮਾਲਾ ਤੇ ਆਧਾਰਤ ਹੈ। ਓਸੇਤੀਅਨ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਾਈ ਮੁਖ ਕਰ ਕੇ ਸਾਹਿੱਤਕ ਓਸੇਤੀਅਨ ਵਿਚ ਕਰਾਈ ਜਾਂਦੀ ਹੈ।

ਤੁਰਕੀ ਭਾਸ਼ਾਵਾਂ ਦੀ ਸੋਵੀਅਤ ਯੂਨੀਅਨ ਵਿਚ ਚੰਗੀ ਪ੍ਰਤੀਨਿਧਤਾ ਹੁੰਦੀ ਹੈ। ਇਹਨਾਂ ਦੇ ਨਾਂ ਹਨ: ਆਜ਼ਰਬਾਈਜਾਨੀ, ਕਜ਼ਾਖ਼, ਕਿਰਗ਼ੀਜ਼, ਤੁਰਕਮੇਨੀ, ਉਜ਼ਬੇਕ, ਤਾਤਾਰ, ਬਾਸ਼ਕੀਰ, ਚੂਵਾਸ਼, ਯਾਕੂਤ, ਤੂਵਾ, ਕਾਰਾ-ਕਾਲਪਾਕ, ਕਾਰਾਦਾਈ-ਬਾਲਕਾਰੀਅਨ, ਕੂਮੀਕ, ਨੋਗਾਈ, ਅਲਤਾਈ, ਖਾਕਾਸ਼, ਕਾਕਾਊਜ਼, ਊਈਗੁਰ, (ਆਧੁਨਿਕ) ਸ਼ੋਕ, ਚੂਲੀਮ, ਬਾਰਾਬਾ-ਤਾਤਾਰ, ਕਰੀਮੀਅਨ-ਤਾਤਾਰ, ਤੇ ਕਾਰਾਈਮ।

ਤੁਰਕੀ ਪਰਵਾਰ ਦੀਆਂ ਭਾਸ਼ਾਵਾਂ (ਆਜ਼ਰਬਾਈਜਾਨੀ, ਤਾਤਾਰ, ਉਜ਼ਬੇਕ, ਕਜ਼ਾਖ਼, ਊਈਗੁਰ, ਆਦਿ) ਨੇ ਆਪਣੀਆਂ ਲਿਪੀਆਂ ਅਕਤੂਬਰ ਇਨਕਲਾਬ ਤੋਂ ਢੇਰ ਚਿਰ ਪਹਿਲਾਂ ਵਿਕਸਤ ਕਰ ਲਈਆਂ ਸਨ। ਪਰੰਤੂ, ਉਹ ਜਨਸਮੂਹ ਦੀ ਪਹੁੰਚ ਤੋਂ ਪਰੇ ਸਨ। ਬਹੁਤ ਸਾਰੀਆਂ ਸੋਵੀਅਤ ਤੁਰਕੀ ਭਾਸ਼ਾਵਾਂ ਨੇ ਸੋਵੀਅਤ ਜੁਗ ਵਿਚ ਸਾਂਝੀਆਂ ਕੌਮੀ ਲਿਪੀਆਂ ਅਪਣਾਈਆਂ ਹਨ।

ਅਜ ਸੋਵੀਅਤ ਯੂਨੀਅਨ ਦੀਆਂ ਸਾਹਿੱਤਕ ਤੁਰਕੀ ਭਾਸ਼ਾਵਾਂ ਰੂਸੀ ਲਿਪੀ ਦੀ ਵਰਤੋਂ ਕਰਦੀਆਂ ਹਨ।

ਸੋਵੀਅਤ ਸਮਿਆਂ ਵਿਚ ਪ੍ਰਾਇਮਰੀ, ਸੈਕੰਡਰੀ ਅਤੇ ਉਚੇਰੀ

Sri Satguru Jagjit Singh Ji Elibrary NamdhariElibrary@gmail.com

ਵਿੱਦਿਆ ਮਾਂ ਬੋਲੀਆਂ ਵਿਚ ਸ਼ੁਰੂ ਕੀਤੀ ਗਈ ਅਤੇ ਇਹਨਾਂ ਬੋਲੀਆਂ ਵਿਚ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਗਈਆਂ। ਤੁਰਕੀ ਬੋਲੀਆਂ ਬੋਲਣ ਵਾਲੀਆਂ ਕੌਮੀ ਘਟ-ਗਿਣਤੀਆਂ ਪ੍ਰਾਇਮਰੀ ਸਕੂਲ ਖੋਲ੍ਹਣ ਦੇ ਯੋਗ ਹੋਈਆਂ ਹਨ ਜਿਥੇ ਉਹਨਾਂ ਦੀ ਆਪਣੀ ਭਾਸ਼ਾ ਵਿਚ ਪੜ੍ਹਾਈ ਕਰਾਈ ਜਾਂਦੀ ਹੈ।

ਕਾਕੇਸ਼ੀਆਈ-ਇਬੇਰੀਅਨ ਭਾਸ਼ਾਵਾਂ, — ਅਤਿ ਵਡਾ ਪਰਵਾਰ — ਵਿਚ ਅਬਖਾਜ਼-ਅਦੀਗੇਈ, ਦਾਗਸਤਾਨੀ, ਕਾਰਤੋਏਲੀਅਨ ਅਤੇ ਨਾਖ਼ ਭਾਸ਼ਈ ਦਲ ਸ਼ਾਮਲ ਹਨ।

ਕਾਰਤੋਏਲੀਅਨ ਦਲ ਵਿਚ ਜਾਰਜੀਆਈ, ਜ਼ਾਨ ਤੇ ਸਵਾਨ ਆਉਂਦੀਆਂ ਹਨ। ਪਿਛਲੀਆਂ ਦੋਹਾਂ ਦੀਆਂ ਲਿਪੀਆਂ ਨਹੀਂ ਹਨ। ਜਾਰਜੀਆਈ ਇਕ ਅਤਿ ਵਿਕਸਤ ਬੋਲੀ ਹੈ ਅਤੇ ਇਸ ਦੀ ਲਿਪੀ ਦੀਆਂ ਜੜ੍ਹਾਂ ੫-ਵੀਂ ਸਦੀ ਵਿਚ ਹਨ। ਅਜ ਸਾਹਿੱਤਕ ਜਾਰਜੀਆਈ ਪ੍ਰਾਚੀਨ ਜਾਰਜੀਆਈ ਵਰਣਮਾਲਾਈ ਪ੍ਰਬੰਧ ਦੀ ਵਰਤੋਂ ਕਰਦੀ ਹੈ।

ਅਬਖਾਜ਼-ਅਦੀਗੇਈ ਦਲ ਦੇ ਅਗੋਂ ਦੋ ਉਪ-ਦਲ, ਅਬਖਾਜ਼ ਅਤੇ ਅਦੀਗੇਈ ਹੁੰਦੇ ਹਨ। ਪਹਿਲੇ ਦਲ ਵਿਚ ਅਬਖਾਜ਼ ਤੇ ਅਬਾਜ਼ਿਨ ਆਉਂਦੀਆਂ ਹਨ ਅਤੇ ਦੂਜੇ ਵਿਚ ਕਾਬਾਰਦੀਨੋ — ਚੇਰਕੇਸ਼ ਅਤੇ ਅਦੀਗੇਈ ਜਿਨ੍ਹਾਂ ਦੀਆਂ ਲਿਪੀਆਂ ਹਾਲ ਵਿਚ ਹੀ ਵਿਕਸਤ ਹੋਈਆਂ ਹਨ। ਅਬਖਾਜ਼ ਅਬਖਾਜ਼ੀਅਨ ਖ਼ੁਦ-ਅਖ਼ਤਿਆਰ ਰੀਪਬਲਿਕ ਵਿਚ ਅਤੇ ਅਦੀਗੇਈ ਅਦੀਗੇਈ ਪ੍ਰਦੇਸ਼ ਵਿਚ ਬੋਲੀ ਜਾਂਦੀ ਹੈ। ਕਾਬਾਰਦੀਨੋ-ਚੇਰਕੇਸ ਕਾਬਾਰਦੀਨੋ-ਬਲਕਾਰੀਅਨ ਖ਼ੁਦ-ਅਖ਼ਤਿਆਰ ਰੀਪਬਲਿਕ ਦੀਆਂ ਸਾਹਿੱਤਕ ਬੋਲੀਆਂ ਵਿਚੋਂ ਇਕ ਹੈ। ਪ੍ਰਾਇਮਰੀ ਕੌਮੀ ਸਕੂਲਾਂ ਵਿਚ ਵਿੱਦਿਆ ਇਹਨਾਂ ਹੀ ਭਾਸ਼ਾਵਾਂ ਵਿਚ ਦਿਤੀ ਜਾਂਦੀ ਹੈ ਅਤੇ

Sri Satguru Jagjit Singh Ji Elibrary NamdhariElibrary@gmail.com

ਇਹਨਾਂ ਵਿਚ ਸਾਹਿੱਤ ਪ੍ਰਕਾਸ਼ਤ ਹੁੰਦਾ ਹੈ।

ਦਾਗਸਤਾਨ ਦਲ ਵਿਚ ਪੰਜ ਭਾਸ਼ਾਵਾਂ ਹਨ ਜਿਨ੍ਹਾਂ ਨੂੰ ਹਾਲ ਵਿਚ ਹੀ ਲਿਖਤੀ ਰੂਪ ਦਿਤਾ ਗਿਆ ਹੈ। ਇਹ ਹਨ : ਅਵਾਰ, ਦਾਰਗਿਨ, ਲੇਜ਼ਗਿਨ, ਲਾਕ, ਤਾਬਾਸਾਰਾਨ ਅਤੇ ਕੁਝ ਹੋਰ, ਜਿਨ੍ਹਾਂ ਨੂੰ ਦਾਗਸਤਾਨ ਖ਼ੁਦ-ਅਖ਼ਤਿਆਰ ਰੀਪਬਲਿਕ ਵਿਚ ਵਸਦੀਆਂ ਸਜਾਤ ਕੌਮਾਂ ਬੋਲਦੀਆਂ ਸਨ। ਇਸ ਗਰੁਪ ਦੀਆਂ ਦੂਜੀਆਂ ਬੋਲੀਆਂ, ਜਿਨ੍ਹਾਂ ਨੂੰ ਬਹੁਤ ਛੋਟੀਆਂ ਕੌਮੀ ਘਟ-ਗਿਣਤੀਆਂ ਅਤੇ ਨਸਲੀ ਗਰੁੱਪ ਦੀ ਬੋਲਦੇ ਹਨ, ਦਾ ਲਿਖਤੀ ਰੂਪ ਨਹੀਂ ਹੈ।

ਨਾਖ਼ (ਵਾਈਨਾਖ਼) ਗਰੁੱਪ ਚੇਚੇਨੋ — ਇਨਗੂਸ਼ ਖ਼ੁਦ-ਅਖ਼ਤਿਆਰ ਰੀਪਬਲਿਕ ਦੀਆਂ ਚੇਚੇਨ ਅਤੇ ਇਨਗੂਸ਼ ਬੋਲੀਆਂ ਤੇ ਆਧਾਰਤ ਹੈ। ਇਹਨਾਂ ਦਾ ਲਿਖਤੀ ਰੂਪ ਹਾਲ ਵਿਚ ਹੀ ਹੋਂਦ ਵਿਚ ਆਇਆ ਹੈ ਅਤੇ ਪ੍ਰਾਇਮਰੀ ਕੌਮੀ ਸਕੂਲਾਂ ਵਿਚ ਅਤੇ ਕੌਮੀ ਪ੍ਰਕਾਸ਼ਨ ਘਰਾਂ ਦੁਆਰਾ ਇਹਨਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਫਿਨੋ-ਯੂਗਰਿਕ ਬੋਲੀਆਂ ਦੀ ਸੋਵੀਅਤ ਯੂਨੀਅਨ ਵਿਚ ਚੰਗੀ ਪ੍ਰਤੀਨਿਧਤਾ ਹੁੰਦੀ ਹੈ। ਜਿਨ੍ਹਾਂ ਦੀਆਂ ਲਿਪੀਆਂ ਹਨ ਉਹ ਹਨ : ਐਸਤੋਨੀ, ਕੋਮੀ-ਜ਼ੀਰੀਅਨ, ਕੋਮੀ-ਪੇਰਮੀਆਕ, ਉਦਮੂਰਤ, ਖਾਨਤੀ, ਮਾਨਸੀ. ਮਾਰੀ ਦੇ ਕਈ ਰੂਪ ਤੇ ਮੋਰਦਵੀਨੀ ਬੋਲੀਆਂ।

ਐਸਤੋਨੀ ਲਿਪੀ ਲਾਤੀਨੀ ਵਰਣਮਾਲਾ ਤੇ ਆਧਾਰਤ ਹੈ। ਐਸਤੋਨੀਅਨ ਰੀਪਬਲਿਕ ਦੇ ਪ੍ਰਾਇਮਰੀ, ਸੈਕੰਡਰੀ ਅਤੇ ਹਾਇਰ ਸਕੂਲਾਂ ਵਿਚ ਪੜ੍ਹਾਈ ਕੌਮੀ ਸਾਹਿੱਤਕ ਭਾਸ਼ਾ, ਐਸਤੋਨੀ, ਵਿਚ ਕਰਾਈ ਜਾਂਦੀ ਹੈ। ਪ੍ਰਾਇਮਰੀ ਸਕੂਲਾਂ ਵਿਚ ਸੋਵੀਅਤ ਯੂਨੀਅਨ ਦੀਆਂ ਦੂਜੀਆਂ

Sri Satguru Jagjit Singh Ji Elibrary NamdhariElibrary@gmail.com

ਫਿਨੋ-ਯੂਗਰਿਕ ਬੋਲੀਆਂ ਵਿਚ ਪੜ੍ਹਾਈ ਕਰਾਈ ਜਾਂਦੀ ਹੈ ਅਤੇ ਪੁਸਤਕਾਂ ਛਾਪੀਆਂ ਜਾਂਦੀਆਂ ਹਨ। ਸੋਵੀਅਤ ਸਮਿਆਂ ਵਿਚ ਕਾਰੇਲੀਅਨ ਬੋਲੀ ਵਿਚ ਅਨੰਤ ਸਾਹਿੱਤ ਪ੍ਰਕਾਸ਼ਤ ਕੀਤਾ ਗਿਆ ਹੈ।

ਫਿਨੋ-ਯੂਗਰਿਕ ਪਰਵਾਰ ਦੇ ਸਾਮੋਯੇਦਿਕ ਗਰੁੱਪ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਇਸ ਵਿਚ ਸ਼ਾਮਲ ਹੈ ਨੇਨੇਤਸ ਅਤੇ ਸੇਲ, ਕੂਪ, ਜਿਨ੍ਹਾਂ ਨੂੰ ਹਾਲ ਵਿਚ ਹੀ ਲਿਖਤੀ ਰੂਪ ਮਿਲਿਆ ਹੈ, ਅਤੇ ਨਗਾਨਾਸਾਨ ਅਤੇ ਏਨੇਤਸ ਜੋ ਕੇਵਲ ਬੋਲਚਾਲ ਦੀ ਸ਼ਕਲ ਵਿਚ ਹੀ ਮੌਜੂਦ ਹਨ।

ਸੋਵੀਅਤ ਯੂਨੀਅਨ ਦਾ ਮੰਗੋਲੀਅਨ ਪਰਵਾਰ ਬੂਰੀਆਤ ਅਤੇ ਕਾਲਮੀਕ ਤੇ ਹੀ ਆਧਾਰਤ ਹੈ। ਇਹਨਾਂ ਦੀਆਂ ਲਿਪੀਆਂ ੧੯੩੦-ਵਿਆਂ ਵਿਚ ਜਨਮੀਆਂ ਸਨ ਅਤੇ ਇਹ ਰੂਸੀ ਵਰਣਮਾਲਾ ਤੇ ਆਧਾਰਤ ਹਨ।

ਤੁਨਗੂਸ-ਮਨਚੂਰੀਅਨ ਪਰਵਾਰ ਵਿਚ ਏਵੇਨ, ਏਵੇਨਕੀ, ਨਾਨਾਈ, ਨੇਗੀਦਾਲ, ਉਲਚਾ, ਓਰੋਕ, ਓਰੋਚੋ ਅਤੇ ਯੂਦੇਗੇਈ ਸ਼ਾਮਲ ਹਨ।

ਪਾਲੇਓ-ਏਸ਼ੀਆਈ ਭਾਸ਼ਾਵਾਂ ਵਿਚ ਸ਼ਾਮਲ ਹਨ ਚੂਕੋਤ — ਕਾਮਚਾਤਕਾ ਸ਼ਾਖ਼ ਅਤੇ ਐਕਸੀਮੋ ਸ਼ਾਖ਼। ਪਹਿਲੀ ਸ਼ਾਖ਼ ਵਿਚ ਚੁਕੋਤ ਤੇ ਕੋਰਯਾਕ, ਹਾਲ ਦੀਆਂ ਹੀ ਲਿਪੀਆਂ ਵਾਲੀਆਂ, ਅਤੇ ਕੇਰੇਕ, ਇਤੇਲਮੇਨ ਤੇ ਅਲੂਤੋਰ ਸ਼ਾਮਲ ਹਨ। ਐਸਕੀਮੋ ਸ਼ਾਖ਼ ਵਿਚ ਹੈ ਐਸਕੀਮੋ ਜਿਸ ਦਾ ਲਿਖਤੀ ਰੂਪ ਹਾਲ ਵਿਚ ਹੀ ਅਰੰਭ ਹੋਇਆ, ਅਤੇ ਅਲੇਯੂਤ ਜਿਸ ਦੀ ਕੋਈ ਲਿਪੀ ਨਹੀਂ। ਇਸ ਗਰੁੱਪ ਦੀਆਂ ਨਵੇਕਲੀਆਂ ਬੋਲੀਆਂ ਹਨ : ਨੀਵਖ਼ ਜਿਸ ਦੀ ਲਿਪੀ ਹਾਲ ਵਿਚ ਹੀ ਵਿਕਸਤ ਹੋਈ, ਅਤੇ ਯੂਕਾਗੀਰ ਤੇ ਕੇਤ, ਦੋਵੇਂ ਬੋਲਚਾਲ ਦੇ ਰੂਪ ਵਿਚ ਮੌਜੂਦ ਹਨ।

Sri Satguru Jagjit Singh Ji Elibrary NamdhariElibrary@gmail.com

ਨਵੀਆਂ ਲਿਪੀਆਂ ਤੇ ਪੁਰਾਣੀਆਂ ਵਰਣਮਾਲਾਵਾਂ ਵਿਚ ਸੁਧਾਰ

ਜ਼ਾਰਸ਼ਾਹੀ ਰੂਸ ਦੇ ਬਾਹਰਵਾਰ ਦੇ ਪ੍ਰਦੇਸ਼ਾਂ ਵਿਚ ਉਹ ਕੌਮਾਂ ਵਸਦੀਆਂ ਸਨ ਜਿਨ੍ਹਾਂ ਦੇ ਆਰਥਕ, ਰਾਜਨੀਤਕ ਤੇ ਸਭਿਆਚਾਰਕ ਵਿਕਾਸ ਨੂੰ ਬੰਨ੍ਹ ਮਾਰਿਆ ਗਿਆ ਸੀ। ਇਹ ਕੌਮਾਂ ਆਰਥਕ, ਸਭਿਆ-ਚਾਰਕ ਅਤੇ ਸਮਾਜੀ-ਰਾਜਨੀਤਕ ਵਖਰੇਵੇਂ ਕਾਰਨ ਅਤੇ ਬੋਲੀ ਦੀਆਂ ਵਲਗਣਾਂ ਕਾਰਨ ਬਾਕੀ ਸੰਸਾਰ ਤੋਂ ਟੁਟ ਕੇ, ਨਵੇਕਲਾ ਜੀਵਨ ਬਿਤਾਉਂਦੀਆਂ ਸਨ। ਦੂਰ ਉਤਰ, ਸਾਇਬੇਰੀਆ, ਵੋਲਗਾ ਖਿੱਤੇ, ਮਧ ਏਸ਼ੀਆ ਅਤੇ ਕਾਕੇਸ਼ੀਆ ਵਿਚ ੯੫ ਤੋਂ ੯੯ ਫ਼ੀ ਸਦੀ ਲੋਕ ਅਨਪੜ੍ਹ ਸਨ, ਜਿਨ੍ਹਾਂ ਨੂੰ ਆਪਣੀ ਬੋਲੀ ਤੋਂ ਬਿਨਾਂ ਕੋਈ ਹੋਰ ਭਾਸ਼ਾ ਨਹੀਂ ਸੀ ਆਉਂਦੀ ਅਤੇ ਉਹਨਾਂ ਦੀ ਭਾਸ਼ਾ ਬੋਲਚਾਲ ਦੀ ਹੀ ਜ਼ਬਾਨ ਸੀ।

ਨਵੇਂ ਜੀਵਨ ਦੀ ਉਸਾਰੀ ਦੀ ਕਠਨਾਈ ਨੂੰ ਹਾੜਦਿਆਂ, ਲੈਨਿਨ ਨੇ ਧਿਆਨ ਦੁਆਇਆ ਸੀ : "ਬਿਨਾਂ ਸਰਵ-ਵਿਆਪੀ ਵਿਦਿਆ ਦੇ, ਬਿਨਾਂ ਉਚਿਤ ਹਦ ਤਕ ਦੀ ਸੁਯੋਗਤਾ ਦੇ, ਬਿਨਾਂ ਲੋਕਾਂ ਨੂੰ ਇਸ ਗੱਲ ਦੀ ਚੋਖੀ ਸਿਖਲਾਈ ਦੇਣ ਦੇ ਕਿ ਉਹ ਪੁਸਤਕ ਪੜ੍ਹਨ ਦੀ ਆਦਤ

Sri Satguru Jagjit Singh Ji Elibrary NamdhariElibrary@gmail.com

ਗ੍ਰਹਿਣ ਕਰਨ......ਅਸੀਂ ਆਪਣਾ ਆਦਰਸ਼ ਪ੍ਰਾਪਤ ਨਹੀਂ ਕਰ ਸਕਾਂਗੇ।"

ਸਭਿਆਚਾਰਕ ਇਨਕਲਾਬ ਦੇ ਮੁਢਲੇ ਪੜਾਅ ਦੀ ਸਫਲ ਪੂਰਤੀ ਲਈ, ਜਿਸ ਵਿਚ ਅਨਪੜ੍ਹਤਾ ਨੂੰ ਖ਼ਤਮ ਕਰਨਾ ਅਤੇ ਦੇਸ਼ ਭਰ ਵਿਚ ਸਰਵ-ਵਿਆਪਕ ਪ੍ਰਾਇਮਰੀ ਸਿਖਿਆ ਲਾਗੂ ਕਰਨਾ ਸ਼ਾਮਲ ਸੀ, ਉਹਨਾਂ ਘਟ-ਗਿਣਤੀਆਂ ਦੀਆਂ ਬੋਲੀਆਂ ਲਈ ਵੀ, ਜੋ ਗਿਣਤੀ ਦੇ ਲਿਹਾਜ਼ ਨਾਲ ਛੋਟੀਆਂ ਹੀ ਸਨ, ਲਿਪੀਆਂ ਵਿਕਸਤ ਕਰਨਾ ਜ਼ਰੂਰੀ ਸੀ। ਬੱਚਿਆਂ ਨੂੰ ਅਤੇ ਵਡਿਆਂ ਨੂੰ ਉਹਨਾਂ ਦੀ ਆਪਣੀ ਬੋਲੀ ਤੋਂ ਬਿਨਾਂ ਕਿਸੇ ਹੋਰ ਬੋਲੀ ਵਿਚ ਲਿਖਣਾ ਤੇ ਪੜ੍ਹਨਾ ਸਿਖਾਉਣਾ ਚੋਖਾ ਬਹੁਤ ਸਮਾਂ ਖਾਂਦਾ ਅਤੇ ਕੌਮੀ ਅਮਲੇ ਦੀ ਸਿਖਲਾਈ ਨੂੰ ਖਾਹਮਖ਼ਾਹ ਮੁਸ਼ਕਲ ਬਣਾਉਂਦਾ ਹੈ।

ਇਸ ਗੱਲ ਦੇ ਅਹਿਸਾਸ ਨੇ ਕਿ ਉਹਨਾਂ ਦੀ ਆਪਣੀ ਬੋਲੀ ਤੇ ਸਭਿਆਚਾਰ ਸਮੁਚੀ ਕੌਮ ਦੇ ਵਿਗਿਆਨ ਤੇ ਕਲਾ ਦੇ ਵਿਕਾਸ ਵਿਚ ਹਿੱਸਾ ਪਾ ਸਕਦਾ ਸੀ, ਸੋਵੀਅਤ ਯੂਨੀਅਨ ਦੇ ਕੌਮੀ ਗਰੁਪਾਂ ਦੀਆਂ ਰਚਨਾਤਮਕ ਸਮਰਥਾਵਾਂ ਨੂੰ ਇਸ ਢੰਗ ਨਾਲ ਹਰਕਤ ਵਿਚ ਲਿਆਂਦਾ ਕਿ ਉਸ ਦੀ ਮਹੱਤਤਾ ਨੂੰ ਘਟਾ ਕੇ ਨਹੀਂ ਵੇਖਿਆ ਜਾ ਸਕਦਾ।

ਆਖ਼ਰੀ ਗੱਲ ਇਹ ਕਿ ਇਲਾਕਾਈ ਬੋਲੀ ਦੀ ਆਜ਼ਾਦੀ ਦੇ ਨਾਅਰੇ ਨੂੰ ਅਮਲੀ ਰੂਪ ਦੇਣਾ ਅਤੇ ਇਸ ਦੇ ਸਰਬ-ਪੱਖੀ ਵਿਕਾਸ ਦੀ ਜ਼ਾਮਨੀ ਕਰਨਾ ਜ਼ਰੂਰੀ ਸੀ।

ਅਜਿਹੀਆਂ ਸਿਧਾਂਤਕ, ਸਮਾਜ-ਵਿਗਿਆਨਕ ਅਤੇ ਸਮਾਜੀ-ਰਾਜਨੀਤਕ ਮਨੌਤਾਂ ਨੇ ਇਸ ਗੱਲ ਦੀ ਸਜੀਵ ਲੋੜ ਦੀ ਵਿਗਿਆਨਕ

Sri Satguru Jagjit Singh Ji Elibrary NamdhariElibrary@gmail.com

ਸਿੱਧੀ ਕੀਤੀ ਕਿ ਰੂਸ ਦੀਆਂ ਸਾਬਕ ਪਛੜੀਆਂ ਕੌਮਾਂ ਦੀ ਵਿਦਿਆ ਲਈ ਇਲਾਕਾਈ ਬੋਲੀਆਂ ਦੀ ਵਰਤੋਂ ਕੀਤੀ ਜਾਏ। ਨਿਸਚੇ ਹੀ ਛੋਟੀਆਂ ਕੌਮੀ ਘਟ-ਗਿਣਤੀਆਂ ਦੇ ਅਤਿ ਦੂਰ-ਦਰਸ਼ੀ ਪ੍ਰਤਿਨਿਧਾਂ ਨੂੰ ਇਹ ਗੱਲ ਸਾਫ਼ ਸੀ ਕਿ ਉਹਨਾਂ ਦੀਆਂ ਆਪਣੀਆਂ ਬੋਲੀਆਂ ਵਿਚ, ਜਿਨ੍ਹਾਂ ਦਾ ਘੇਰਾ ਸੀਮਤ ਹੈ, ਸਭਿਆਚਾਰ, ਵਿਗਿਆਨ, ਕਲਾ ਤੇ ਉਚੇਰੀ ਵਿਦਿਆ ਦਾ ਸਰਬ-ਪੱਖੀ ਵਿਕਾਸ ਅਸੰਭਵ ਹੈ। ਉਹ ਅਨੁਭਵ ਕਰਦੇ ਸਨ ਕਿ ਆਧੁਨਿਕ ਸਭਿਅਤਾ ਦੀਆਂ ਸਿਖ਼ਰਾਂ ਤਕ ਪੁਜਣ ਦਾ ਰਸਤਾ ਵਧੇਰੇ ਉੱਨਤ ਆਧੁਨਿਕ ਸਾਹਿਤਕ ਭਾਸ਼ਾਵਾਂ ਦਾ ਗਿਆਨ ਹੀ ਹੈ। ਬਹੁਤ ਛੋਟੀਆਂ ਕੌਮੀ ਘਟ-ਗਿਣਤੀਆਂ ਦੀਆਂ ਬੋਲੀਆਂ ਦੇ ਸਮਾਜੀ ਕਰਤਵਾਂ ਦੇ ਪਸਾਰਨ ਲਈ ਹਦੋਂ ਬਹੁਤੇ ਉਤਸਾਹ ਕਾਰਨ ਸਮੇਂ ਸਮੇਂ ਉਕਾਈਆਂ ਹੋਈਆਂ ਜਿਨ੍ਹਾਂ ਨੂੰ ਮਗਰੋਂ ਦੂਰ ਕੀਤਾ ਗਿਆ। ਮਿਸਾਲ ਲਈ ਉਹਨਾਂ ਛੋਟੇਰੀਆਂ ਕੌਮਾਂ ਲਈ ਲਿਪੀਆਂ ਦੇ ਵਿਕਾਸ ਦਾ ਮਾਮਲਾ ਇਸੇ ਤਰ੍ਹਾਂ ਹੀ ਹੋਇਆ ਜਿਨ੍ਹਾਂ ਨੇ ਵਡੇਰੀਆਂ ਕੌਮਾਂ ਦੀਆਂ ਸਾਹਿਤਕ ਭਾਸ਼ਾਵਾਂ ਦੀ ਸਫਲ ਵਰਤੋਂ ਕੀਤੀ।

ਇਸ ਦੇ ਨਾਲ ਹੀ, ਜਿਵੇਂ ਜਿਵੇਂ ਲਿਪੀਆਂ ਨਵੇਂ ਸਿਰੇ ਤਿਆਰ ਕੀਤੀਆਂ ਗਈਆਂ, ਪੁਰਾਣੀਆਂ ਵਰਣਮਾਲਾਵਾਂ ਦੀ ਥਾਂ — ਬਦਲੀ ਕੀਤੀ ਗਈ ਤੇ ਵਰਤਮਾਨ ਵਰਣਮਾਲਾਵਾਂ ਵਿਚ ਸੁਧਾਰ ਕੀਤਾ ਗਿਆ।

ਫੇਰ, ਇਹਨਾਂ ਥਾਂ-ਬਦਲੀਆਂ ਅਤੇ ਭਾਸ਼ਾ ਸੁਧਾਰਾਂ ਦੀ ਲੋੜ ਕਿਉਂ ਪਈ ?

ਜਿਵੇਂ ਕਿ ਪਹਿਲਾਂ ਦਸਿਆ ਜਾ ਚੁਕਾ ਹੈ ਕਿ ਜ਼ਾਰਸ਼ਾਹੀ ਰੂਸ ਦੀਆਂ ਬਹੁਤੀਆਂ ਕੌਮਾਂ ਦੀ ਜਾਂ ਤਾਂ ਆਪਣੀ ਲਿਪੀ ਹੀ ਕੋਈ ਨਹੀਂ ਸੀ

Sri Satguru Jagjit Singh Ji Elibrary NamdhariElibrary@gmail.com

ਅਤੇ ਜਾਂ ਉਹ ਪ੍ਰਾਚੀਨ ਭਾਸ਼ਾਵਾਂ ਤੋਂ ਪ੍ਰਾਪਤ ਕੀਤੀਆਂ ਪੁਰਾਣੀਆਂ ਲਿਪੀਆਂ ਦੀ ਵਰਤੋਂ ਕਰਦੀਆਂ ਸਨ ਜਿਹੜੀਆਂ ਜੀਉਂਦੀਆਂ ਬੋਲਚਾਲ ਦੀਆਂ ਬੋਲੀਆਂ ਨਾਲੋਂ ਬਹੁਤ ਵਖਰੀਆਂ ਸਨ ।

੧੭ ਅਕਤੂਬਰ, ੧੯੧੮ ਵਿਚ ਹੀ — ਸੋਵੀਅਤ ਹਕੂਮਤ ਦੇ ਪਹਿਲੇ ਹੀ ਸਾਲ — ਲੋਕ ਕਮੀਸਾਰਾਂ ਦੀ ਪ੍ਰੀਸ਼ਦ ਨੇ ਇਕ ਫ਼ਰਮਾਨ ਜਾਰੀ ਕੀਤਾ ਜਿਸ ਰਾਹੀਂ ਯੂਨਾਨੀ ਵਰਣਮਾਲਾ ਤੋਂ ਹੁਦਾਰੇ ਲਏ ਸਭ ਅੱਖਰ ਅਤੇ ਜਿਨ੍ਹਾਂ ਦੀ ਸਲਾਵੋਨੀ ਬੋਲਚਾਲ ਨਾਲ ਅਸੰਗਤੀ ਸੀ ਰੂਸੀ ਵਰਣਮਾਲਾ ਵਿਚੋਂ ਕਢ ਦਿਤੇ ਗਏ। ਇਹ ਅੱਖਰ ਸਨ :

"xi", "Psi", "omega", "theta", ਅਤੇ "izhitsa"।

ਦੋ ਹੋਰ ਅੱਖਰ "Yus" (ਛੋਟਾ ਤੇ ਵੱਡਾ) ਵੀ ਕੱਢ ਦਿਤੇ ਗਏ ਤੇ ਅਖਰ "Yat" ਰੂਸੀ ਬੋਲੀ ਵਿਚ ਕੁਝ ਧੁਨੀ–ਵਿਗਿਆਨਕ ਤਬਦੀਲੀਆਂ ਕਾਰਨ ਫ਼ਾਲਤੂ ਹੋ ਗਿਆ। ਇਸ ਤੋਂ ਇਲਾਵਾ ъ (ਦੀਰਘ ਚਿੰਨ੍ਹ) ਅਤੇ ь (ਹਰਸਣ ਚਿੰਨ੍ਹ) ਦਾ ਕਰਤੱਵ ਬਦਲ ਗਿਆ, ਅਤੇ ਦੋ ਨਵੇਂ ਅੱਖਰ й ё ਸ਼ਾਮਲ ਕਰ ਲਏ ਗਏ । ਫ਼ਰਮਾਨ ਅਨੁਸਾਰ, ਇਸ ਸੁਧਾਰ ਦਾ ਆਸ਼ਾ ਇਹ ਸੀ ਕਿ ਜਨਸਮੂਹ ਲਈ ਰੂਸੀ ਲਿਖਣ ਪੜ੍ਹਨ ਦੀ ਆਦਤ ਰਚਾਉਣ ਵਿਚ ਸਹੂਲਤ ਪੈਦਾ ਕੀਤੀ ਜਾਏ ਅਤੇ ਸਕੂਲਾਂ ਤੋਂ ਵਰਣ–ਬੋਧ ਦੀ ਸਿਖਿਆ ਦਾ ਵਾਧੂ ਭਾਰ ਹਲਕਾ ਕੀਤਾ ਜਾਏ।"

ਅਰਬੀ ਤੇ ਆਧਾਰਤ ਲਿਪੀਆਂ ਜੋ ਪਹਿਲਾਂ ਮਧ–ਏਸ਼ੀਆ, ਕਾਕੇਸ਼ੀਆ ਤੇ ਸੋਵੀਅਤ ਯੂਨੀਅਨ ਦੇ ਕੁਝ ਹੋਰ ਪ੍ਰਦੇਸ਼ਾਂ ਵਿਚ ਪ੍ਰਚਲਤ ਸਨ, ਦੇ ਵੀ ਗੰਭੀਰ ਘਾਟੇ ਸਨ ਕਿਉਂਕਿ ਉਹ ਸਵਰਾਂ ਨੂੰ ਪ੍ਰਗਟ ਕਰਨ

Sri Satguru Jagjit Singh Ji Elibrary NamdhariElibrary@gmail.com

ਲਈ ਨਵੇਂ ਲਿਪੀ ਚਿੰਨ੍ਹ ਲਾਗੂ ਕਰਨਾ ਜਾਂ ਦੂਜੀਆਂ ਵਰਣਮਾਲਾਵਾਂ ਤੋਂ ਅੱਖਰ ਹੁਦਾਰੇ ਲੈਣਾ ਜ਼ਰੂਰੀ ਬਣਾਉਂਦੀਆਂ ਸਨ। ਵਾਧੂ ਬੋਝ ਪਾਉਣ ਵਾਲੀਆਂ ਵਰਣਮਾਲਾਵਾਂ ਤੇ ਅਧੂਰੀਆਂ ਸਿਖਿਆ ਵਿਧੀਆਂ ਦੋਵੇਂ ਹੀ ਬੱਚੇ ਨੂੰ ਲਿਖਣਾ ਪੜ੍ਹਨਾ ਸਿਖਾਉਣ ਵਿਚ ਵਧੇਰੇ ਸਮਾਂ ਖ਼ਰਚਾਉਂਦੀਆਂ ਸਨ। ਮਿਸਾਲ ਲਈ, ਕਜ਼ਾਖ਼ ਵਰਣਮਾਲਾ ਵਿਚ ਇਕ ਅੱਖਰ ਕਈ ਧੁਨੀਆਂ ਦਾ ਸੂਚਕ ਸੀ ਅਤੇ ਇਕ ਧੁਨੀ ਲਈ ਵਖ ਵਖ ਅੱਖਰ ਵਰਤੇ ਜਾ ਸਕਦੇ ਸਨ।

ਕਾਕੇਸ਼ੀਆ ਵਿਚ, ਪਹਾੜੀ ਕੌਮਾਂ ਦੇ ਬੱਚੇ ਪਹਿਲਾਂ ਮੁੱਲਾਂ ਕੋਲੋਂ ਅਰਬੀ ਵਿਚ ਲਿਖਣਾ ਪੜ੍ਹਨਾ ਸਿਖਦੇ ਸਨ। "ਇਸ ਪ੍ਰਕਾਰ ਸਭ ਨੌਜਵਾਨ ਪਹਾੜੀਏ ਆਪਣੀ ਵਿਦਿਆ ਸ਼ੁਰੂ ਕਰਦੇ ਹਨ, ਪਰ ਦਸਾਂ ਵਿਚੋਂ ਨੌਂ ਬਹੁਤਾ ਅਗੇ ਨਹੀਂ ਪੜ੍ਹਦੇ ਤੇ ਜਿਉਂ ਹੀ ਉਹ ਅਰਬੀ ਅੱਖਰ ਯਾਦ ਕਰ ਲੈਂਦੇ ਹਨ ਅਤੇ ਪੁਸਤਕ ਵਿਚੋਂ ਅਰਬੀ ਅਰਦਾਸ ਉਠਾਣ ਦੇ ਯੋਗ ਹੋ ਜਾਂਦੇ ਹਨ ਉਹ ਸਿਖਿਆ ਲੈਣੀ ਬੰਦ ਕਰ ਦੇਂਦੇ ਹਨ, ਪਰ ਬਹੁਤੀ ਵਾਰੀ ਉਹ ਕੁਝ ਵੀ ਸਿਖੇ ਬਿਨਾਂ ਹੀ ਪੜ੍ਹਾਈ ਬੰਦ ਕਰ ਦੇਂਦੇ ਹਨ। ਕਿਸੇ ਤਰ੍ਹਾਂ ਵੀ ਇਸ ਨੂੰ ਬੜਾ ਸਮਾਂ ਲਗਦਾ ਹੈ। ਕਈ ਵਾਰ ੨੦ ਸਾਲਾਂ ਦੇ ਲਗ ਪਗ......" ਕਾਕੇਸ਼ੀਆਈ ਭਾਸ਼ਾਵਾਂ ਦੇ ਪ੍ਰਸਿਧ ਖੋਜੀ ਪੀ, ਉਸਲਾਰ ਨੇ ਲਿਖਿਆ ਹੈ।

ਹੈਬਰਿਊ ਤੇ ਊਈਗੁਰ-ਮੰਗੋਲੀਅਨ ਲਿਪੀਆਂ ਵੀ ਇਤਨੀਆਂ ਹੀ ਗੁੰਝਲਦਾਰ ਸਨ। ਇਸ ਸੰਬੰਧ ਵਿਚ, ਬਹੁਤ ਸਾਰੀਆਂ ਪੂਰਬੀ ਕੌਮਾਂ ਅੰਦਰ ਮੁਸ਼ਕਲ ਅਰਬੀ ਲਿਪੀ ਦੀ ਥਾਂ ਲਾਤੀਨੀ ਵਰਣਮਾਲਾ ਵਰਤਣ ਦੀ ਪ੍ਰਵਿਰਤੀ ਵਿਕਸਤ ਹੋਈ।

Sri Satguru Jagjit Singh Ji Elibrary NamdhariElibrary@gmail.com

ਪਰੰਤੂ, ਲਾਤੀਨੀਆਈ ਵਰਣਮਾਲਾ ਵਲ ਤਬਦੀਲੀ ਇਕ ਦਮ ਨਹੀਂ ਸੀ ਹੋ ਸਕਦੀ। ਪਹਿਲਾਂ ਪੁਰਾਣੀ ਪ੍ਰਣਾਲੀ ਦੀ ਥਾਂ ਲਿਖਣ ਦੀ ਸੋਧੀ ਹੋਈ ਅਰਬੀ ਲਿਪੀ ਸਥਾਪਤ ਕੀਤੀ ਗਈ ਜਿਸ ਵਿਚ ਸਵਰ ਦੇ ਵਿਅੰਜਨ ਦੋਵੇਂ ਸ਼ਾਮਲ ਸਨ।

ਸੋਵੀਅਤ ਭਾਸ਼ਾ ਵਿਗਿਆਨੀ ਤੇ ਅਧਿਆਪਕ, ਜਿਹੜੇ ਸਰਵ-ਵਿਆਪੀ ਵਿਦਿਆ ਨੂੰ ਤੇਜ਼ ਕਰਨ ਲਈ ਅਤਿ ਯੋਗ ਵਿਧੀਆਂ ਲਭਣ ਲਈ ਡਟੇ ਹੋਏ ਸਨ, ਇਹ ਜਾਣਦੇ ਸਨ ਕਿ ਇਸ ਮਸਲੇ ਦਾ ਹਲ ਹੋਰ ਗੱਲਾਂ ਤੋਂ ਇਲਾਵਾ ਲਿਖਣ ਦੇ ਲਿਪੀ ਆਧਾਰ ਉਤੇ ਵੀ ਨਿਰਭਰ ਹੈ। ਕੁਝ ਖੋਜੀਆਂ ਅਨੁਸਾਰ, ਚਿਤਰ-ਲਿਪੀ ਵਿਚ ਲਿਖਣ ਦੀ ਮੁਹਾਰਤ ਹਾਸਲ ਕਰਨ ਲਈ ਧੁਨੀ-ਲਿਪੀ ਵਿਚ ਲਿਖਣ ਦੇ ਟਾਕਰੇ ਤੇ ਚੋਖੇ ਵਧੇਰੇ ਸਮੇਂ ਦੀ ਲੋੜ ਹੈ। ਇਸ ਲਈ ੧੯੨੮-੧੯੩੦ ਵਿਚ ਬਹੁਤੀਆਂ ਸੋਵੀਅਤ ਕੌਮਾਂ ਨੇ ਲਾਤੀਨੀਆਈ ਵਰਣਮਾਲਾ ਅਪਣਾ ਲਈ। ਸੋਵੀਅਤ ਸਰਕਾਰ ਦੇ ਪਹਿਲੇ ਸੱਤਾਂ ਸਾਲਾਂ ਵਿਚ, ਉਜ਼ਬੇਕ, ਕਜ਼ਾਖ਼, ਆਜ਼ਰਬਾਈਜਾਨ, ਤਾਜਿਕ ਤੇ ਤੁਰਕਮੇਨ ਸੋਵੀਅਤ ਰੀਪਬਲਿਕਾਂ ਵਿਚ ਪੜ੍ਹਤਾ, ਜਿਥੇ ਕਿ ਕੌਮੀ ਸਕੂਲਾਂ ਵਿਚ ਅਰਬੀ ਵਰਣਮਾਲਾ ਵਰਤੀ ਜਾਂਦੀ ਸੀ ਇਨਕਲਾਬੋਂ ਪਹਿਲਾਂ ਦੇ ਟਾਕਰੇ ਤੇ ਕੇਵਲ ਕਰੀਬ ਕਰੀਬ ੨੦੦ ਫ਼ੀ ਸਦੀ ਵਧੀ। ਪਰ ਅਗਲੇ ਸੱਤਾਂ ਸਾਲਾਂ ਵਿਚ (ਭਾਵ ਸੁਧਾਰ ਤੋਂ ਪਿਛੋਂ) ਔਸਤ ਵਾਧਾ ੬੦੦ ਫ਼ੀ ਸਦੀ ਸੀ।

੧੯੩੮-੧੯੪੦ ਵਿਚ ਲਾਤੀਨੀਆਈ ਵਰਣਮਾਲਾ ਦੀ ਥਾਂ, ਲੋਕਾਂ ਦੀ ਬੇਨਤੀ ਉਤੇ, ਰੂਸੀ-ਆਧਾਰਤ ਵਰਣਮਾਲਾ ਨੇ ਲੈ ਲਈ। ਇਸ ਤਬਦੀਲੀ ਨੇ ਰੂਸੀ ਬੋਲੀ ਤੋਂ ਵਿਸ਼ਾਲ ਰੂਪ ਵਿਚ ਸ਼ਬਦ ਭੰਡਾਰ

Sri Satguru Jagjit Singh Ji Elibrary NamdhariElibrary@gmail.com

ਲੈਣ ਦਾ ਰਸਤਾ ਖੋਹਲ ਕੇ ਭਾਸ਼ਾਵਾਂ ਦੇ ਵਿਕਾਸ ਨੂੰ ਉੱਨਤ ਕੀਤਾ। ਇਸ ਨਾਲ ਕੌਮੀ ਭਾਸ਼ਾਵਾਂ ਅਮੀਰ ਹੋਈਆਂ ਅਤੇ ਇਹ ਬੋਲਣ ਵਾਲੇ ਲੋਕਾਂ ਲਈ ਰੂਸੀ ਵਿਚ ਨਿਪੁੰਨਤਾ ਪ੍ਰਾਪਤ ਕਰਨਾ ਵਧੇਰੇ ਸੌਖਾ ਕੰਮ ਹੋ ਗਿਆ। ਇਸ ਪ੍ਰਕਾਰ ਇਲਾਕਾਈ ਭਾਸ਼ਾ ਅਤੇ ਰੂਸੀ ਦੋਹਾਂ ਵਿਚ ਪੜ੍ਹਨ ਲਈ ਇਕੋ ਆਧਾਰ ਕਾਇਮ ਹੋ ਗਿਆ, ਜੋ ਇਕ ਵਿਵਾਦ-ਰਹਿਤ ਵਿਦਿਅਕ ਲਾਭ ਹੈ।

Sri Satguru Jagjit Singh Ji Elibrary NamdhariElibrary@gmail.com

ਲਿਖਤੀ ਭਾਸ਼ਾ ਵਲ ਪਹਿਲਾ ਕਦਮ

ਕਿਸੇ ਬੋਲੀ ਦੀ ਲਿਪੀ ਦਾ ਵਿਕਾਸ ਕਰਨ ਲਈ, ਸਭ ਤੋਂ ਪਹਿਲਾਂ ਇਸ ਦਾ ਉਪ-ਬੋਲੀ ਆਧਾਰ ਨਿਸਚਿਤ ਕਰਨਾ ਚਾਹੀਦਾ ਹੈ।

ਇਹ ਸਭ ਨੂੰ ਪਤਾ ਹੈ ਕਿ ਭਾਸ਼ਾ ਦੀਆਂ ਉਪ-ਭਾਖਾਵਾਂ ਇਤਨੀਆਂ ਵਖ ਵਖ ਹੋ ਸਕਦੀਆਂ ਹਨ ਕਿ ਉਹਨਾਂ ਦੀ ਵਰਤੋਂ ਕਰਨ ਵਾਲਿਆਂ ਲਈ ਪ੍ਰਸਪਰ ਤੌਰ ਤੇ ਇਕ ਦੂਜੇ ਨੂੰ ਸਮਝਣਾ ਮੁਸ਼ਕਲ ਹੁੰਦਾ ਹੈ। ਆਰਮੇਨੀ, ਜਾਰਜੀਅਨ, ਅਵਾਰ, ਆਦਿ ਦੀਆਂ ਉਪ-ਭਾਸ਼ਾਵਾਂ ਇਸ ਗੱਲ ਦੀ ਵਧੀਆ ਮਿਸਾਲ ਹਨ। ਇਸ ਵੇਲੇ ਆਰਮੇਨੀ ਸਾਹਿਤਕ ਭਾਸ਼ਾ ਦੀਆਂ ਦੋ ਵੰਨਗੀਆਂ ਮੌਜੂਦ ਹਨ। ਪੂਰਬੀ ਆਰਮੇਨੀ ਉਹਨਾਂ ਆਰਮੇਨੀ ਲੋਕਾਂ ਦੀ ਸਾਹਿਤਕ ਭਾਸ਼ਾ ਹੈ ਜਿਹੜੇ ਆਰਮੇਨੀਅਨ ਸੋਵੀਅਤ ਰੀਪਬਲਿਕ ਵਿਚ ਰਹਿੰਦੇ ਹਨ ਅਤੇ ਪੱਛਮੀ ਆਰਮੇਨੀ ਦੂਜੀ ਥਾਈਂ ਵਰਤੀ ਜਾਂਦੀ ਹੈ। ਇਹਨਾਂ ਦੋਹਾਂ ਦਾ ਜਨਮ ਸਾਹਿਤਕ ਆਰਮੇਨੀ ਦੀਆਂ ਦੋ ਵਖੋ ਵਖ ਉਪ-ਭਾਖਾਵਾਂ ਤੋਂ ਹੋਇਆ ਹੈ। ਅਵਾਰ ਦੀਆਂ, ਭਾਵੇਂ ਇਸ ਨੂੰ ਇਕ ਛੋਟੀ ਘਟ-ਗਿਣਤੀ ਹੀ ਬੋਲਦੀ ਹੈ, ਕਈ ਉਪ-ਭਾਖਾਵਾਂ ਹਨ ਜਿਨ੍ਹਾਂ ਦੇ ਧੁਨੀ-ਵਿਗਿਆਨਕ, ਵਿਆਕਰਣਕ ਸ਼ਬਦ-ਭੰਡਾਰ ਸੰਬੰਧੀ ਲਛਣ ਬਹੁਤ ਵਖ ਵਖ ਹਨ।

Sri Satguru Jagjit Singh Ji Elibrary NamdhariElibrary@gmail.com

ਉਸ ਉਪ-ਭਾਖਾ ਦੀ ਚੋਣ ਕਰਨ ਲਈ ਜਿਸ ਉੱਤੇ ਲਿਪੀ ਆਧਾਰਤ ਕੀਤੀ ਜਾਏ, ਇਹਨਾਂ ਨੁਕਤਿਆਂ ਤੇ ਵਿਚਾਰ ਕਰਨਾ ਚਾਹੀਦਾ ਹੈ : (੧) ਇਸ ਦੀ ਵਰਤੋਂ ਕਰਨ ਵਾਲੇ ਲੋਕ ਬਹੁ-ਗਿਣਤੀ ਵਿਚ ਹਨ ਕਿ ਨਹੀਂ; (੨) ਕੀ ਉਹ ਲੋਕਾਂ ਦੇ ਆਰਥਕ, ਰਾਜਨੀਤਕ ਤੇ ਸਭਿਆਚਾਰਕ ਜੀਵਨ ਵਿਚ ਮੋਹਰੇ ਹਨ; ਅਤੇ (੩) ਇਸ ਦੇ ਧੁਨੀ-ਵਿਗਿਆਨ, ਵਿਆਕਰਣ ਤੇ ਸ਼ਬਦਾਵਲੀ ਦੇ ਵਿਸ਼ੇਸ਼ ਲੱਛਣ।

ਕੌਮਾਂ ਵਿਚਕਾਰ ਤਾਲ ਮੇਲ ਦੇ ਸਾਧਨ ਵਜੋਂ ਕਿਸੇ ਭਾਸ਼ਾ ਦੀ ਇਕ ਉਪ-ਭਾਖਾ ਦੇ ਪੱਖ ਵਿਚ ਜਾਂਦੀਆਂ ਰਵਾਇਤਾਂ ਦੀ ਹੋਂਦ ਨੂੰ ਵੀ ਅਣਡਿਠ ਨਹੀਂ ਕੀਤਾ ਜਾਣਾ ਚਾਹੀਦਾ।

ਪੁਰਾਣੀਆਂ ਸਾਹਿਤਕ ਭਸ਼ਾਵਾਂ ਦੇ ਉਪ ਭਾਖਾਈ ਆਧਾਰ ਇਤਿ-ਹਾਸਕ ਵਹਿਣ ਵਿਚ ਕਾਇਮ ਹੋਏ ਸਨ। ਭਾਗਸਮ ਰੂਪ ਵਿਚ ਇਹ ਇਕ ਆਪ-ਮੁਹਾਰਾ ਅਮਲ ਸੀ। ਢੇਰ ਚਿਰ ਪਹਿਲਾਂ, ਜਦੋਂ ਰੂਸੀਆਂ, ਫ਼ਰਾਂਸੀਸੀਆਂ, ਅੰਗਰੇਜ਼ਾਂ ਅਤੇ ਜਰਮਨਾਂ ਨੇ ਆਪਣੀਆਂ ਭਾਸ਼ਾਵਾਂ ਨੂੰ ਲਿਖਤੀ ਰੂਪ ਦਿਤਾ ਉਦੋਂ ਇਹਨਾਂ ਮਹੱਤਵਪੂਰਨ ਨੁਕਤਿਆਂ ਨੂੰ ਧਿਆਨ ਵਿਚ ਰੱਖਣ ਵਾਲਾ ਕੋਈ ਨਹੀਂ ਸੀ। ਸਾਹਿਤਕ ਭਾਸ਼ਾ ਦੇ ਉਹਨਾਂ ਅਸੂਲਾਂ ਨੂੰ ਰੂਪ ਧਾਰਨ ਕਰਦਿਆਂ ਸਦੀਆਂ ਲਗੀਆਂ ਜਿਨ੍ਹਾਂ ਨੇ ਸਹਿਜ ਸਹਿਜ ਪੜ੍ਹਿਆਂ ਲਿਖਿਆਂ ਦੀ ਭਾਸ਼ਾ ਵਿਚੋਂ ਉਪ-ਭਾਖਾਈ ਮੁਹਾਵਰਾ ਕੱਢ ਦਿਤਾ। ਉਪ-ਭਾਖਾਈ ਪਧਰਾਈ ਦਾ ਇਹ ਇਕ ਧੀਮਾ ਅਮਲ ਸੀ ਜਿਸ ਦੇ ਲਛਣ ਸਨ ਉਖ-ਭਾਖਾਈ ਵਿਸ਼ੇਸ਼ਤਾਵਾਂ ਦਾ ਸਹਿਜ ਸਹਿਜ ਲੋਪ ਹੋਣਾ ਅਤੇ ਸਥਾਨਕ ਉਪ-ਭਾਖਾਵਾਂ ਦੀ ਕੀਮਤ ਉਤੇ ਸਾਹਿਤਕ ਭਾਸ਼ਾ ਦਾ ਅਮੀਰ ਬਣਨਾ।

Sri Satguru Jagjit Singh Ji Elibrary NamdhariElibrary@gmail.com

ਬਹੁਤੀਆਂ ਸੋਵੀਅਤ ਭਾਸ਼ਾਵਾਂ ਲਈ ਲਿਪੀ ਦਾ ਵਿਕਾਸ ਇਸ ਗੱਲੋਂ ਬਿਲਕੁਲ ਹੀ ਵਖਰੀ ਗੱਲ ਹੈ ਕਿ ਇਹ ਸਮਾਜੀ ਜੀਵਨ ਦੇ ਹਰ ਤੱਥ ਵਲ ਅਤੇ ਹਰ ਭਾਸ਼ਾ ਦੀ ਵਿਲੱਖਣਤਾ ਵਲ ਨਿਰੋਲ ਇਕ ਵਿਗਿਆਨਕ ਪਹੁੰਚ ਸੀ। ਹਰ ਚੀਜ਼ ਇਸ ਮੁਖ ਕਾਰਜ ਦੇ ਅਧੀਨ ਸੀ ਕਿ ਅਨਪੜ੍ਹਤਾ ਨੂੰ ਖ਼ਤਮ ਕੀਤਾ ਜਾਏ ਅਤੇ ਰਾਜਨੀਤਕ, ਸਨਅੱਤੀ ਤੇ ਸਭਿਆਚਾਰਕ ਮਿਆਰਾਂ ਦੀ ਤੇਜ ਰਫ਼ਤਾਰ ਉੱਨਤੀ ਨੂੰ ਅਗੇ ਵਿਕਸਤ ਕੀਤਾ ਜਾਏ।

ਇਸ ਲਈ ਇਸ ਗੱਲ ਦੀ ਵਿਸ਼ੇਸ਼ ਮਹੱਤਤਾ ਸੀ ਕਿ ਨਵੀਂ ਵਿਕਸਤ ਲਿਪੀ ਲਈ ਆਧਾਰ ਵਜੋਂ ਉਹ ਉਪ-ਭਾਖਾ ਚੁਣੀ ਜਾਏ, ਜਿਸ ਨੂੰ ਇਲਾਕੇ ਦੇ ਅਤਿ ਉੱਨਤ ਖਿੱਤਿਆਂ ਵਿਚ ਵਸਦੇ ਲੋਕਾਂ ਦੀ ਬਹੁ-ਗਿਣਤੀ ਬੋਲਦੀ ਸੀ। ਅਜਿਹੀਆਂ ਸ਼ਰਤਾਂ ਸਰਬ-ਵਿਆਪੀ ਵਿਦਿਆ ਦੀ ਤਰੱਕੀ ਲਈ ਸਪੱਸ਼ਟ ਤੌਰ ਤੇ ਸਭ ਤੋਂ ਚੰਗੀਆਂ ਸਨ। ਤਜਰਬੇ ਨੇ ਸਿਧ ਕਰ ਦਿਤਾ ਹੈ ਕਿ ਇਸ ਪ੍ਰਕਾਰ ਦੀ ਪਹੁੰਚ ਪੂਰੀ ਤਰ੍ਹਾਂ ਜਾਇਜ਼ ਸੀ। ਇਨਕਲਾਬ ਤੋਂ ਮਗਰਲੇ ਪਹਿਲੇ ਸਾਲਾਂ ਵਿਚ ਕੋਮੀ, ਮੋਰਦਵੀਨੀਅਨ ਤੇ ਮਾਰੀ ਦੀਆਂ ਕਈ ਉਪ-ਭਾਖਾਵਾਂ ਵਿਚ ਅਖ਼ਬਾਰ ਛਾਪੇ ਗਏ ਸਨ। ਕੁਝ ਚਿਰ ਮਗਰੋਂ ਤਕ ਵੀ ਇਹ ਗੱਲ ਨਹੀਂ ਹੋਈ ਕਿ ਉਪ-ਭਾਖਾਵਾਂ ਨਿਸਚਿਤ ਕੀਤੀਆਂ ਜਾਂਦੀਆਂ ਅਤੇ ਉਹਨਾਂ ਤੋਂ ਵਿਕਸਤ ਹੋਈਆਂ, ਮੇਲ ਖਾਂਦੀਆਂ ਸਾਹਿੱਤਕ ਭਾਸ਼ਾਵਾਂ ਵੀ ਨਿਸਚਿਤ ਹੋ ਸਕਦੀਆਂ।

ਇਥੋਂ ਤਕ, ਇਹ ਵੀ ਦਸ ਦਿਤਾ ਜਾਏ, ਕਿ ਜਦੋਂ ਉਪ-ਭਾਖਾਵਾਂ ਬਹੁਤ ਅੰਤਰ ਰਖਦੀਆਂ ਹੋਣ, ਤਾਂ ਉਹਨਾਂ ਵਿਚੋਂ ਹਰ ਇਕ ਲਈ ਵਖੋ ਵਖ ਲਿਪੀਆਂ ਡੀਜ਼ਾਈਨ ਕਰਨਾ ਯੋਗ ਹੈ। ਪਰ ਇਹ ਗੱਲ

Sri Satguru Jagjit Singh Ji Elibrary NamdhariElibrary@gmail.com

ਵਿਰਲੀ ਟਾਵੀਂ ਹੀ ਹੁੰਦੀ ਹੈ। ਸਾਹਿੱਤਕ ਲੇਜ਼ਗਿਨ ਗੁਨੇਦੀ ਉਪ-ਭਾਖਾ ਤੇ ਆਧਾਰਤ ਹੈ, ਜਿਸ ਨੂੰ ਦੇਸ਼ ਦੇ ਅਤਿ ਉੱਨਤ ਹਿੱਸਿਆਂ ਵਿਚ ਵਸਦੇ ਲੇਜ਼ਗਿਨ ਲੋਕਾਂ ਦਾ ਵਡੇਰਾ ਹਿੱਸਾ ਬੋਲਦਾ ਹੈ। ਓਸੇਤੀਅਨ ਭਾਸ਼ਾ ਦੀਆਂ ਦੋ ਬਿਲਕੁਲ ਵਖ ਵਖ ਉਪ-ਭਾਖਾਵਾਂ ਹਨ — ਦੀਗੋਰ ਅਤੇ ਇਰੋਨੀ। ਬਹੁਤੇ ਓਸੇਤ ਲੋਕ ਇਰੋਨੀ ਉਪ-ਭਾਖਾ ਬੋਲਦੇ ਹਨ, ਜਿਸ ਕਰਕੇ ਇਸ ਨੂੰ ਸਾਹਿੱਤਕ ਓਸਤੇਨੀ ਭਾਸ਼ਾ ਦਾ ਆਧਾਰ ਬਣਾਇਆ ਗਿਆ। ਦਾਰਘਿਨ ਲਿਪੀ ਆਕੂਸ਼ਾ ਉਪ-ਭਾਖਾ ਦੇ ਆਧਾਰ ਤੇ ਤਿਆਰ ਕੀਤੀ ਗਈ ਸੀ, ਜਿਸ ਨੂੰ ਦਾਰਘਿਨ ਲੋਕਾਂ ਦਾ ਚੋਖਾ ਭਾਗ ਬੋਲਦਾ ਹੈ।

ਇਹ ਗੱਲ ਨੋਟ ਕਰਨੀ ਚਾਹੀਦੀ ਹੈ ਕਿ ਭਾਸ਼ਾ ਦਾ ਉਪ-ਭਾਖਾ ਆਧਾਰ ਨਿਸਚਿਤ ਕਰਨ ਵੇਲੇ ਸਦਾ ਹੀ ਇਹਨਾਂ ਲੋੜਾਂ ਦੇ ਅਧੀਨ ਚਲਣਾ ਸੰਭਵ ਨਹੀਂ ਹੁੰਦਾ। ਇਸ ਪ੍ਰਕਾਰ; ਸਾਹਿੱਤਕ ਕਾਬਾਰਦੀਨੋ-ਚੇਰਕੇਸ ਦਾ ਉਪ-ਭਾਖ਼ਾਈ ਆਧਾਰ ਭਾਵੇਂ ਵਡੀਆਂ ਕਾਬਾਰਦੀਆਈ ਜ਼ੈਲੀ-ਭਾਖਾਵਾਂ ਨਾਲ ਸੰਬੰਧਤ ਹੈ, ਤਾਂ ਵੀ ਮਾਲਕਾ ਜ਼ੈਲੀ-ਭਾਖਾ ਦੀਆਂ ਧੁਨੀ-ਵਿਗਿਆਨਕ ਤੇ ਕੋਸ਼ੀ ਵਿਸ਼ੇਸ਼ਤਾਵਾਂ ਨੂੰ ਸਾਹਿੱਤਕ ਭਾਸ਼ਾ ਵਿਚ ਸ਼ਾਮਲ ਨਹੀਂ ਕੀਤਾ ਗਿਆ।

ਲਿਪੀਆਂ ਤਿਆਰ ਕਰਨ ਲਈ ਬੁਨਿਆਦੀ ਉਪ-ਭਾਖਾ ਦੇ ਧੁਨੀ-ਵਿਗਿਆਨਕ ਪ੍ਰਬੰਧ, ਵਿਆਕਰਣਕ ਢਾਂਚੇ ਅਤੇ ਸ਼ਬਦਾਵਲੀ ਦਾ ਅਤਿ ਸੋਘੀ ਅਧਿਅਨ ਅਵੱਸ਼ਕ ਹੈ। ਇਸ ਦੇ ਅਸੂਲ ਸਥਾਪਤ ਕਰਨ ਦੀ ਇਹ ਪਹਿਲੀ ਸ਼ਰਤ ਹੈ ਕਿਉਂਕਿ ਇਕ ਸਾਹਿੱਤਕ ਭਾਸ਼ਾ ਵਿਕਾਸ ਦੇ ਅਮਲ ਵਿਚ ਉਪ-ਭਾਖਾਈ ਸ਼ਬਦਾਂ ਅਤੇ ਰੂਪਾਂ ਦਾ ਤਿਆਗ ਕਰਦੀ ਹੈ, ਜੋ ਇਸ ਦੇ ਸਰਲੀਕਰਨ ਵਿਚ ਰੋਕ ਬਣਦੇ ਹਨ।

Sri Satguru Jagjit Singh Ji Elibrary NamdhariElibrary@gmail.com

ਬੁਨਿਆਦੀ ਉਪ-ਭਾਖਾ ਦਾ ਧੁਨੀ-ਵਿਗਿਆਨਕ ਸਰੂਪ ਭਾਸ਼ਾ ਦੀਆਂ ਦੂਜੀਆਂ ਉਪ-ਭਾਖਾਵਾਂ ਤੋਂ ਵਖਰਾ ਹੋ ਸਕਦਾ ਹੈ। ਮਿਸਾਲ ਲਈ, ਅਵਾਰ ਤੇ ਕੁਮੀਕ ਦੀਆਂ ਉਪ-ਭਾਖਾਵਾਂ ਤੇ ਜ਼ੈਲ-ਭਾਖਾਵਾਂ ਵਿਚ ਅਜਿਹੀਆਂ ਆਵਾਜ਼ਾਂ ਮੌਜੂਦ ਹਨ ਜਿਹੜੀਆਂ ਉਹਨਾਂ ਦੇ ਸਾਹਿੱਤਕ ਰੂਪਾਂ ਵਿਚ ਨਹੀਂ। ਕੁਝ ਦਖਣੀ ਅਵਾਰ ਉਪ-ਭਾਖਾਵਾਂ ਵਿਚ ਕੋਈ ਪੰਦਰਾਂ ਧੁਨੀਆਂ ਹਨ ਜਿਹੜੀਆਂ ਸਾਹਿੱਤਕ ਅਵਾਰ ਵਿਚ ਨਹੀਂ ਵਰਤੀਆਂ ਜਾਂਦੀਆਂ।

ਬੁਨਿਆਦੀ ਉਪ-ਭਾਖਾ ਦੇ ਵਿਆਕਰਣਕ ਢਾਂਚੇ ਵਿਚ ਕੁਝ ਅਜਿਹੇ ਲੱਛਣਾਂ ਦੀ ਘਾਟ ਹੋ ਸਕਦੀ ਹੈ ਜੋ ਦੂਜੀਆਂ ਉਪ-ਭਾਖਾਵਾਂ ਦੀ ਵਿਸ਼ੇਸ਼ਤਾ ਹੋਣ। ਮਿਸਾਲ ਲਈ ਸਾਹਿੱਤਕ ਭਾਸ਼ਾ ਵਿਚ ਪ੍ਰਚਲਤ ਸਤਾਗ (ਆਦਮੀ) ਅਤੇ ਸਤਿਗਲ (ਅਸਮਾਨ) ਦੀ ਥਾਂ ਸਥਾਨਕ ਚੇਚੇਨ ਉਪ-ਭਾਖਾਵਾਂ ਵਿਚ ਸਾਗ, ਤਾਗ, ਸਿਗਲ ਤਿਗਲ ਵਰਤੇ ਜਾਂਦੇ ਹਨ। ਇਹੋ ਗੱਲ ਸ਼ਬਦਾਵਲੀ ਬਾਰੇ ਵੀ ਹੈ। ਮਿਸਾਲ ਲਈ; ਕਾਬਾਰਦੀਨੋ-ਚੇਰਕੇਸ ਵਿਚ ਸ਼ੀਨਾਖ਼ਜ਼ੀਈ (ਪਲੀ) ਵਰਤਦੇ ਹਨ ਖਾਜ਼ੀਕ ਨਹੀਂ ਜੋ ਕਿ ਪਹਾੜਾਂ ਵਿਚ ਆਖਦੇ ਹਨ। ਚੇਚੇਨ ਵਿਚ ਪੀਅਨਾ (ਕੌਕ) ਵਰਤਿਆ ਜਾਂਦਾ ਹੈ ਅਤੇ ਕੁਝ ਸਥਾਨਕ ਉਪ-ਭਾਖਾਵਾਂ ਤੇ ਜ਼ੈਲੀ-ਭਾਖਾਵਾਂ ਵਿਚ ਇਸ ਦੀ ਥਾਂ ਬੱਰਘੀਅਲ ਵਰਤਿਆ ਜਾਂਦਾ ਹੈ।

ਸਾਹਿੱਤਕ ਭਾਸ਼ਾ ਆਪਣੀਆਂ ਸਥਾਨਕ ਉਪ-ਭਾਖਾਵਾਂ ਵਿਚੋਂ ਹਰ ਵਡਮੁੱਲੀ ਚੀਜ਼ ਨੂੰ ਆਪਣੇ ਅੰਦਰ ਰਚਾ ਕੇ ਅਮੀਰ ਬਣਦੀ ਹੈ। ਇਸ ਪਰਕਾਰ, ਓਸੇਤੀਅਨ ਨੇ ਦੀਗੌਰ, ਆਦਿ, ਉਪ-ਭਾਖਾ ਵਿਚੋਂ ਬਹੁਤ ਕੁਝ ਲਿਆ ਹੈ।

Sri Satguru Jagjit Singh Ji Elibrary NamdhariElibrary@gmail.com

ਨਵੀਆਂ ਵਰਣਮਾਲਾਵਾਂ ਕਿਵੇਂ ਬਣੀਆਂ

ਨਵੀਆਂ ਵਰਣਮਾਲਾਵਾਂ ਤਿਆਰ ਕਰਨ ਦਾ ਕੰਮ 'ਕੁਲ-ਯੂਨੀਅਨ ਕੇਂਦਰੀ ਨਵੀਂ ਵਰਣਮਾਲਾ ਕਮੇਟੀ' ਦੀ ਅਗਵਾਈ ਹੇਠ ਕੀਤਾ ਗਿਆ ਹੈ। ਇਸ ਵਿਗਿਆਨਕ ਤੇ ਜਥੇਬੰਦਕ ਕੇਂਦਰ ਦਾ ਕਾਰਜ ਨਵੀਆਂ ਵਰਣਮਾਲਾਵਾਂ ਤਿਆਰ ਕਰਨ ਨਾਲ ਸੰਬੰਧਤ ਸਿਧਾਂਤਕ ਅਤੇ ਵਰਤ-ਮਾਨ ਮਸਲੇ ਹਲ ਕਰਨਾ ਸੀ। ਕਮੇਟੀ ਦੇ ਲੋਕਾਂ ਨੇ ਥਾਂ ਥਾਂ ਜਾ ਕੇ ਤਿਆਰੀ ਦਾ ਵਿਸ਼ਾਲ ਕੰਮ ਨੇਪਰੇ ਚਾੜ੍ਹਿਆ ਅਤੇ ਸਥਾਨਕ ਬੁਧੀ-ਜੀਵੀਆਂ ਨੂੰ ਇਸ ਕੰਮ ਵਿਚ ਸ਼ਾਮਲ ਕੀਤਾ।

ਕੌਮੀ ਰੀਪਬਲਿਕਾਂ ਅਤੇ ਪ੍ਰਦੇਸ਼ਾਂ ਵਿਚ ਵੀ ਸਥਾਨਕ ਨਵੀਂ ਵਰਣਮਾਲਾ ਕਮੇਟੀਆਂ ਕਾਇਮ ਕੀਤੀਆਂ ਗਈਆਂ।

ਰੂਸੀ ਭਾਸ਼ਾ ਵਿਗਿਆਨੀਆਂ ਨੇ ਉਹਨਾਂ ਭਾਸ਼ਾਵਾਂ ਦਾ ਸਰਬ-ਪੱਖੀ ਅਧਿਅਨ ਜਥੇਬੰਦ ਕਰਨ ਵਿਚ ਜਿਨ੍ਹਾਂ ਦੀਆਂ ਲਿਪੀਆਂ ਨਹੀਂ ਸੀ, ਬਹੁਤ ਕੰਮ ਕੀਤਾ। ਪ੍ਰੋਫ਼ੈਸਰ ਯਾਕੋਵਲੇਵ, ਪ੍ਰੋਫ਼ੈਸਰ ਜ਼ੀਰਕੋਵ ਅਤੇ ਹੋਰਾਂ ਨੇ ਅਵਾਰ, ਦਾਰਗਿਨ, ਲਾਕ, ਲੇਜ਼ਗਿਨ, ਕਾਬਾਰਦੀਨੀ, ਚੇਰਚੇਨ ਅਦੀਘੇਸ ਅਤੇ ਉਤਰੀ ਕਾਕੇਸ਼ੀਆ ਤੇ ਦਾਗਸਤਾਨ ਦੀਆਂ ਦੂਜੀਆਂ ਕੌਮਾਂ ਲਈ ਵਰਣਮਾਲਾਵਾਂ ਤਿਆਰ ਕਰਨ ਦੇ ਕੰਮ ਦੀ ਨਿਗਰਾਨੀ

Sri Satguru Jagjit Singh Ji Elibrary NamdhariElibrary@gmail.com

ਕੀਤੀ। ਉਘੇ ਤੁਰਕ-ਵਿਗਿਆਨੀ ਐਸ. ਮਾਲੋਵ, ਐਨ. ਦਮਿਤਰੀਏਵ, ਏ. ਬੇਰੋਂਵਕੋਵ, ਸੋਵੀਅਤ ਯੂਨੀਅਨ ਦੀ ਵਿਗਿਆਨ ਅਕਾਦਮੀ ਦੇ ਕਾਰਸਪਾਂਡਿੰਗ ਮੈਂਬਰ, ਪ੍ਰੋਫ਼ੈਸਰ ਐਨ. ਬਾਸਕਾਕੋਵ ਅਤੇ ਈ. ਸੇਵੋਰਤੀਅਨ ਨੇ ਤੁਰਕੀ ਬੋਲਣ ਵਾਲੀਆਂ ਕੌਮਾਂ ਲਈ ਲਿਪੀਆਂ ਵਿਕਸਤ ਕਰਨ ਵਿਚ ਮੁਖ ਰੋਲ ਅਦਾ ਕੀਤਾ। ਫਿਨੋ-ਯੂਗਰਿਕ, ਈਰਾਨੀ, ਉਤਰੀ ਅਤੇ ਸੋਵੀਅਤ ਯੂਨੀਅਨ ਦੀਆਂ ਦੂਜੀਆਂ ਕੌਮਾਂ ਲਈ ਨਵੀਆਂ ਵਰਣਮਾਲਾਵਾਂ ਤਿਆਰ ਕਰਨ ਵਿਚ ਰੂਸੀ ਵਿਦਵਾਨਾਂ ਨੇ ਮਹੱਤਵ-ਪੂਰਨ ਹਿੱਸਾ ਪਾਇਆ।

ਇਹ ਮਸਲਾ, ਕਿ ਨਵੀਂ ਲਿਪੀ ਚਿੱਤਰ-ਲਿਪੀ ਹੋਵੇ ਜਾਂ ਮਾਤ੍ਰਿਕ ਜਾਂ ਧੁਨੀ-ਵਿਗਿਆਨਕ, ਦ੍ਰਿੜ੍ਹਤਾ ਨਾਲ ਅਖ਼ਰੀਲੀ ਗੱਲ ਦੇ ਪੱਖ ਵਿਚ ਨਜਿਠਿਆ ਗਿਆ। ਇਸ ਦੇ ਅਣਗਣਿਤ ਲਾਭਾਂ ਦਾ ਸਭ ਨੂੰ ਗਿਆਨ ਹੈ। ਮਨੁੱਖੀ ਬੋਧ ਦੀ ਇਹ ਇਕ ਸ਼ਾਨਦਾਰ ਪਰਾਪਤੀ ਹੈ।

ਜ਼ਰੂਰੀ ਫ਼ੈਸਲੇ ਸੰਬੰਧਤ ਕੌਮਾਂ ਦੇ ਅਧਿਕਾਰਿਤ ਪ੍ਰਤੀਨਿਧਾਂ ਨੇ ਕੀਤੇ। ਮੌਜੂਦ ਭਿੰਨ ਭਿੰਨ ਵਰਣਮਾਲਵਾਂ ਦੇ ਲਾਭਾਂ ਤੇ ਤਰੁਟੀਆਂ ਦੀ ਵਿਆਖਿਆ ਕਰਨ ਵਾਲੇ ਵਿਦਵਾਨ ਮੌਜੂਦ ਸਨ।

ਇਨਕਲਾਬ ਤੋਂ ਪਿਛੋਂ ਥੋੜੇ ਚਿਰ ਤਕ ਮਧ-ਏਸ਼ੀਆਈ ਅਤੇ ਕਾਕੇਸ਼ੀਆਈ ਕੌਮਾਂ ਨੇ, ਜਿਨ੍ਹਾਂ ਨੇ ਹੁਣੇ ਜਿਹੇ ਹੀ ਲਿਖਤੀ ਬੋਲੀ ਪ੍ਰਾਪਤ ਕੀਤੀ ਸੀ, ਮੁਖ ਕਰ ਕੇ ਅਰਬੀ ਲਿਪੀਆਂ ਤੇ ਆਧਾਰਤ ਵਰਣਮਾਲਾਵਾਂ ਦੀ ਵਰਤੋਂ ਕੀਤੀ। ਇਸੇ ਪੁਜ਼ੀਸ਼ਨ ਬਾਰੇ ਜਿਥੋਂ ਤਕ ਫ਼ਿਨੋ-ਯੂਗਰਿਕ ਤੇ ਉਤਰੀ ਕੌਮਾਂ ਦਾ ਸੰਬੰਧ ਹੈ, ਉਹਨਾਂ ਨੇ ਵੀ ਮੁਖ ਕਰ ਕੇ ਰੂਸੀ ਲਿਪੀ ਤੇ ਆਧਾਰਤ ਵਰਣਮਾਲਾਵਾਂ ਦੀ ਵਰਤੋਂ ਕੀਤੀ। ਪਰੰਤੂ ਅਰਬੀ ਲਿਪੀ

Sri Satguru Jagjit Singh Ji Elibrary NamdhariElibrary@gmail.com

ਵਿਚ ਗੰਭੀਰ ਘਾਟਿਆਂ ਦੇ ਕਾਰਨ, ਇਸ ਨੂੰ ਵਰਤਣ ਵਾਲੇ ਲੋਕਾਂ ਨੇ ਅਖ਼ੀਰ ਰੂਸੀ ਲਿਪੀ ਵਰਤਣ ਦੀ ਇੱਛਾ ਪ੍ਰਗਟ ਕੀਤੀ। ਉਘੇ ਫ਼ਰਾਂਸੀਸੀ ਭਾਸ਼ਾ-ਵਿਗਿਆਨੀ ਵਾਂਦਰੀਸ, ਜਿਸ ਨੇ ਯੂਨਾਨੀ ਤੇ ਲਾਤੀਨੀ ਮੂਲ ਦੀਆਂ ਵਰਣਮਾਲਾਵਾਂ ਵਿਚਕਾਰ ਜ਼ਰੂਰੀ ਅੰਤਰਾਂ ਵਲ ਸੰਕੇਤ ਕੀਤਾ ਸੀ, ਨੇ ਲਿਖਿਆ ਹੈ: "ਯੂਨਾਨੀ ਮੂਲ ਵਾਲੀਆਂ ਲਿਪੀਆਂ ਨੂੰ ਘਟ ਵਧ ਸ਼ੁਧਤਾਈ ਨਾਲ ਸੰਗ੍ਰਹਿਤ ਕੀਤਾ ਗਿਆ ਹੈ......ਵੁਲਫਿਲਾ ਦੀ ਗੋਥਿਕ ਵਰਣਮਾਲਾ ਇਕ ਸ਼ਾਨਦਾਰ ਸਾਧਨ ਹੈ, ਚੋਖੀ ਸ਼ੁਧ ਵਰਣਮਾਲਾ। ਸੀਰਿਲ ਅਤੇ ਮੈਥੋਡੀਅਸ ਦੀ ਸਲਾਵੋਨਿਕ ਵਰਣਮਾਲਾ ਸਚਮੁਚ ਹੀ ਸ਼ਾਹਕਾਰ ਹੈ। ਇਹ ਐਂਗਲੋ-ਸੈਕਸਨ ਅਤੇ ਆਇਰਿਸ਼ ਦੀਆਂ ਵਰਣਮਾਲਾਵਾਂ ਤੋਂ ਕਿੰਨੀਆਂ ਦੁਰੇਡੀਆਂ ਹਨ। ਇਹਨਾਂ ਮਗਰਲਿਆਂ ਨੇ ਲਾਤੀਨੀ ਵਰਣਮਾਲਾ ਨੂੰ ਆਪਣੀ ਭਾਸ਼ਾ ਨਾਲ ਇਕਸੁਰ ਕਰਨ ਲਈ ਸਦੀਆਂ ਬੱਧੀ ਘਾਲਣਾ ਘਾਲੀ, ਉਹਨਾਂ ਦੇ ਜਤਨਾਂ ਨੂੰ ਸੀਮਿਤ ਸਫ਼ਲਤਾ ਪ੍ਰਾਪਤ ਹੋਈ ਹੈ।"

ਸੋਵੀਅਤ ਕੌਮਾਂ ਨੇ ਰੂਸੀ (ਸਲਾਵੋਨਿਕ) ਲਿਪੀ ਦੇ ਲਾਭਾਂ ਨੂੰ ਅਨੁਭਵ ਕੀਤਾ। ਨਿਸ਼ਚੇ ਹੀ ਰੂਸੀਆਂ ਤੇ ਸੋਵੀਅਤ ਯੂਨੀਅਨ ਦੀਆਂ ਦੂਜੀਆਂ ਕੌਮਾਂ ਵਿਚਲੇ ਰਾਜਨੀਤਕ, ਆਰਥਕ ਅਤੇ ਸਭਿਆਚਾਰਕ ਸੰਬੰਧ, ਉਹਨਾਂ ਦੀ ਮਿਲਵਰਤਨ ਅਤੇ ਸਰਬ-ਪੱਖੀ ਸਹਾਇਤਾ, ਜੋ ਰੂਸੀ ਲੋਕ ਸੋਵੀਅਤ ਯੂਨੀਅਨ ਦੀਆਂ ਦੂਜੀਆਂ ਸਭਨਾਂ ਕੌਮਾਂ ਨੂੰ ਦੇ ਰਹੇ ਸਨ, ਵੀ ਗੰਭੀਰਤਾ ਨਾਲ ਧਿਆਨ ਵਿਚ ਰਖੀ ਗਈ ਗੱਲ ਸੀ। ਸੋਵੀਅਤ ਯੂਨੀਅਨ ਵਿਚਲੇ ਗ਼ੈਰ-ਰੂਸੀਆਂ ਦੇ ਵਡੇਰੇ ਹਿਸੇ ਨੂੰ ਰੂਸੀ ਉਤੇ ਕੰਮ ਚਲਾਉਣ ਜੋਗੀ ਮੁਹਾਰਤਹਾਸਲ ਹੈ, ਜੋ ਕਿ ਢੇਰ ਚਿਰ ਤੋਂ ਦੇਸ਼ ਵਿਚ

Sri Satguru Jagjit Singh Ji Elibrary NamdhariElibrary@gmail.com

ਅੰਤਰ-ਕੌਮੀ ਵਰਤੋਂ ਦੀ ਭਾਸ਼ਾ ਬਣ ਚੁਕੀ ਹੈ। ਇਹਨਾਂ ਸਭਨਾਂ ਗੱਲਾਂ ਨੇ ਉਹਨਾਂ ਲੋਕਾਂ ਨੂੰ ਜਿਨ੍ਹਾਂ ਕੋਲ ਨਵੀਂ ਹੀ ਲਿਪੀ ਸੀ ਰੂਸੀ ਲਿਪੀ ਤੇ ਵਰਣਮਾਲਾ ਆਪਣੀ ਵਰਣਮਾਲਾ ਦੇ ਆਧਾਰ ਵਜੋਂ ਅਪਣਾ ਲੈਣ ਲਈ ਪਰੇਰਤ ਕੀਤਾ ਜੋ ਕਿ ਪ੍ਰਾਚੀਨ ਯੂਨਾਨੀ ਦੀ ਇਕ ਖ਼ਾਸ ਵੰਨਗੀ ਹੈ।

ਰੂਸੀ ਵਰਣਮਾਲਾ ਦੇ ੩੩ ਅੱਖਰ ਹਨ। ਪਰੰਤੂ, ਸੋਵੀਅਤ ਯੂਨੀਅਨ ਦੀਆਂ ਬਹੁਤ ਸਾਰੀਆਂ ਭਾਸ਼ਵਾਂ ਵਿਚ ਚੋਖੀ ਗਿਣਤੀ ਅੰਦਰ ਅਤਿ ਖ਼ਾਸ ਧੁਨੀਆਂ ਸ਼ਾਮਲ ਹਨ। ਅਦੀਗੇਈ ਦੇ ਵਿਸ਼ੇਸ਼ ਲੱਛਣਾਂ ਦੇ ਅਧਿਅਨ ਤੋਂ ਪਤਾ ਲਗਦਾ ਹੈ ਕਿ ਇਸ ਵਿਲੱਖਣ ਕਾਕੇਸ਼ੀਆਈ ਭਾਸ਼ਾ ਦੇ ਕਿਸੇ ਵੀ ਹੋਰ ਸੋਵੀਅਤ ਭਾਸ਼ਾ ਨਾਲੋਂ ਕਿਤੇ ਵਧ ਵਿਅੰਜਨ ਹਨ। ਇਹ ਹਨ ਅਖੌਤੀ ਕਾਕੇਸ਼ੀਆਈ ਕੰਠੀ-ਅਤ ਵਾਲੇ, ਗੋਲਾਏ, ਸੰਯੁਕਤ ਅਤੇ ਹੋਰ ਵਿਅੰਜਨ। ਕੁਲ ਮਿਲਾ ਕੇ, ਅਦੀਗੇਈ ਦੀਆਂ ਲਗਪਗ ੭੦ ਮੂਲ ਧੁਨੀਆਂ ਹਨ।

ਰੂਸੀ ਸਵੱਰਾਂ ਨੂੰ ਪ੍ਰਗਟ ਕਰਨ ਲਈ ਰੂਸੀ ਵਰਣਮਾਲਾ ਵਿਚ ਹੇਠ ਲਿਖੇ ਅੱਖਰ ਹਨ : a, o, y, ы, e, ë, э, я, । ਪਰੰਤੂ ਘਟ ਗਿਣਤੀ ਕੌਮਾਂ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ, ਜਿਨ੍ਹਾਂ ਨੂੰ ਲਿਖਤੀ ਰੂਪ ਸੋਵੀਅਤ ਜੁਗ ਵਿਚ ਹੀ ਮਿਲਿਆ ਹੈ, ਵਿਚ ਅਜਿਹੀਆਂ ਸਵੱਰ ਧੁਨੀਆਂ ਹਨ ਜੋ ਰੂਸੀ ਵਿਚ ਨਹੀਂ ਹਨ, ਜਿਵੇਂ ਚੇਚੇਨ ਵਿਚ ਗੋਲ ਅਗੇ ਵਾਲੇ ਸਵੱਰ। ਪਰਤੱਖ ਤੌਰ ਤੇ ਇਹਨਾਂ ਲਈ ਵਿਸ਼ੇਸ਼ ਅੱਖਰ ਚਿੰਨ੍ਹਾਂ ਦੀ ਲੋੜ ਹੈ।

ਰੂਸੀ ਵਰਣਮਾਲਾ ਵਿਚ ਵਿਅੰਜਨ ਲਈ ਕੇਵਲ ੨੦ ਵਖ ਵਖ ਅੱਖਰ ਹਨ, ਭਾਵੇਂ ਹਕੀਕਤ ਇਹ ਹੈ ਕਿ ਇਸ ਦੇ ਵਿਅੰਜਨ ਇਸ ਤੋਂ

Sri Satguru Jagjit Singh Ji Elibrary NamdhariElibrary@gmail.com

ਵਧੇਰੇ ਹਨ। ਇਸ ਅੰਤਰ ਦਾ ਕਾਰਨ ਦੀਰਘ ਤੇ ਕੋਮਲ ਵਿਅੰਜਨਾਂ ਵਿਚਕਾਰ ਧੁਨੀ-ਵਿਗਿਆਨਕ ਅੰਤਰ ਹੈ। ਕਈ ਹਾਲਤਾਂ ਵਿਚ ਇਸ ਨੂੰ ਲਿਖਤ ਵਿਚ " ь " ਵਧਾ ਕੇ ਪ੍ਰਗਟ ਕਰ ਦਿਤਾ ਜਾਂਦਾ ਹੈ, ਜਿਸ ਦਾ ਅਰਥ ਹੈ ਕਿ ਇਸ ਤੋਂ ਤੁਰਤ ਪਿਛੋਂ ਆਉਣ ਵਾਲਾ ਵਿਅੰਜਨ ਹਰ੍ਸਵ ਹੈ ਜਿਵੇਂ мол (mol) : моль (mol'), кон (kon) : конь (kon') ਆਦਿ।

ਰੂਸੀ ਭਾਸ਼ਾ ਦੀ ਇਸ ਧੁਨੀ-ਵਿਗਿਆਨਕ ਖ਼ਾਸੀਅਤ ਨੂੰ ਧਿਆਨ ਵਿਚ ਰਖਣਾ ਜ਼ਰੂਰੀ ਸੀ।

ਜਿਵੇਂ ਕਿ ਸਭ ਨੂੰ ਪਤਾ ਹੈ ਕਿ ਵਖ ਵਖ ਭਾਸ਼ਾਵਾਂ ਦੀਆਂ ਅਵਾਜ਼ਾਂ ਇਕ ਦੂਜੀ ਨਾਲ ਗੁਣਾਤਮਕ ਤੇ ਗਿਣਾਤਮਕ ਰੂਪ ਵਿਚ ਮੁਸ਼ਕਲ ਨਾਲ ਹੀ ਮੇਲ ਖਾਂਦੀਆਂ ਹਨ, ਕਿਉਂਕਿ, ਉਹਨਾਂ ਦੀ ਲੰਮਆਈ ਤੇ ਉਚਾਰਨ ਵਖ ਵਖ ਹੁੰਦਾ ਹੈ। ਇਸ ਲਈ ਇਹ ਜ਼ਰੂਰੀ ਸੀ ਕਿ ਇਕੋ ਅੱਖਰ ਵਲੋਂ ਪ੍ਰਗਟਾਈ ਜਾਂਦੀ ਹਰ ਆਵਾਜ਼ ਦੇ ਅਤਿ ਜ਼ਰੂਰੀ ਵਿਲੱਖਣ ਲੱਛਣਾਂ ਤੋਂ ਅਗੇ ਤੁਰਿਆ ਜਾਂਦਾ। ਇਸ ਪ੍ਰਕਾਰ ਰੂਸੀ ਅੱਖਰ a ਉਜ਼ਬੇਕ, ਕਜ਼ਾਖ਼, ਲੇਜ਼ਗਿਨ, ਮੋਰਦਵੀਨੀਅਨ ਅਤੇ ਹੋਰ ਭਾਸ਼ਾਵਾਂ ਦੇ ਸਾਹਮਣਲੇ, ਮੁਝਲੇ ਜਾਂ ਪਿਛੇ ਮਾਮੂਲੀ ਉਠੇ ਸਵਰ ਨੂੰ ਪਰਗਟਾਉਂਦਾ ਹੈ। ਅੱਖਰ к ਕੰਠੀ ਅਵਾਜ਼ ਰਹਿਤ ਠਹਿਰਾਅ ਨੂੰ ਪਰਗਟਾਉਂਦਾ ਹੈ। ਇਸ ਪਰਕਾਰ ਵਖ ਵਖ ਭਾਸ਼ਾਵਾਂ ਦੀਆਂ ਬੁਨਿਆਦੀ ਤੌਰ ਤੇ ਇਕੋ ਅਵਾਜ਼ਾਂ ਇਕੋ ਅੱਖਰ ਦੁਆਰਾ ਪਰਗਟਾਈਆਂ ਜਾਣ ਲਗੀਆਂ ਹਨ।

ਨਿਸ਼ਚੇ ਹੀ ਇਸ ਦਾ ਇਹ ਮਤਲਬ ਨਹੀਂ ਕਿ ਅਜਿਹੀਆਂ ਸਭ

Sri Satguru Jagjit Singh Ji Elibrary NamdhariElibrary@gmail.com

ਆਵਾਜ਼ਾਂ ਇਕ-ਸਮਾਨ ਹਨ। ਹੇਠਲੇ ਤੱਥਾਂ ਤੋਂ ਇਹ ਗੱਲ ਸਪੱਸ਼ਟ ਹੈ ਕਿ ਉਹ ਗੁਣ ਤੇ ਗਿਣਤੀ ਵਿਚ ਪੂਰੀ ਤਰ੍ਹਾਂ ਇਕ ਦੂਜੀ ਨਾਲ ਮੇਲ ਨਹੀਂ ਖਾਂਦੀਆਂ।

ਕਾਬਾਰਦੀਨੀ ਵਿਚ; ਵਿਸ਼ਰਾਮ ਤੇ ਹੌਲੀ ਬੋਲੇ ਜਾਣ ਵਾਲੇ ਵਿਅੰਜਨਾ ਨੂੰ ਜੋ п ਤੇ т ਦੁਆਰਾ ਪਰਗਟਾਏ ਜਾਂਦੇ ਹਨ, ਜ਼ੋਰ ਨਾਲ ਸਾਹ ਲੈ ਕੇ ਉਚਾਰਿਆ ਜਾਂਦਾ ਹੈ ਜਦ ਕਿ ਰੂਸੀ ਵਿਚ ਅਜਿਹਾ ਨਹੀਂ ਕੀਤਾ ਜਾਂਦਾ, ਕਿਉਂਕਿ ਰੂਸੀ ਵਿਚ ਅਣ ਮਹਾ-ਪ੍ਰਾਣ ਵਰਣ п ਤੇ т ਦੇ ਟਾਕਰੇ ਤੇ ਮਹਾ ਪ੍ਰਾਣ ਵਿਅੰਜਨ ਧੁਨੀਆਂ ਹਨ ਹੀ ਨਹੀਂ। ਇਸ ਲਈ ਇਹ ਸੰਭਵ ਸੀ ਕਿ ਰੂਸੀ ਅਤੇ ਕਾਬਾਰਦੀਨੀ ਵਿਚ ਇਹਨਾਂ ਦੋਹਾਂ ਅਵਾਜ਼ਾਂ ਨੂੰ ਇਕੋ ਹੀ ਅੱਖਰਾਂ ਦੁਆਰਾ ਪਰਗਟਾ ਲਿਆ ਜਾਂਦਾ। ਦੂਜੇ ਰੂਸੀ ਅੱਖਰਾਂ ਬਾਰੇ ਵੀ ਇਹੋ ਕਿਹਾ ਜਾ ਸਕਦਾ ਹੈ ਜਿਨ੍ਹਾਂ ਨੂੰ ਦੂਜੀਆਂ ਭਾਸ਼ਾਵਾਂ ਦੀਆਂ ਹਾਲ ਵਿਚ ਹੀ ਵਿਕਸੀਆਂ ਲਿਪੀਆਂ ਵਿਚ ਵਰਤਿਆ ਜਾਂਦਾ ਹੈ, ਜਿਥੇ ਉਹ ਬੁਨਿਆਦੀ ਤੌਰ ਤੇ ਇਕੋ ਜਿਹੀਆਂ ਅਵਾਜ਼ਾਂ ਦੇ ਸੂਚਿਕ ਹਨ।

ਇਸ ਦੇ ਨਾਲ ਇਹ ਜ਼ਰੂਰੀ ਸੀ ਕਿ ਕਿਸੇ ਇਕ ਭਾਸ਼ਾ ਦੀਆਂ ਵਿਸ਼ੇਸ਼ ਅਵਾਜ਼ਾਂ ਨੂੰ ਰੂਸੀ ਅੱਖਰਾਂ ਦੇ ਸੰਜੋਗ ਨਾਲ, ਜਾਂ ਮਾਤ੍ਰਿਕ ਚਿੰਨ੍ਹਾਂ ਜਾਂ ਕੁਝ ਨਵੇਂ ਅੱਖਰਾਂ ਦੁਆਰਾ ਪਰਗਟ ਕੀਤਾ ਜਾਂਦਾ ਜੋ ਕਿ ਰੂਸੀ ਵਰਣਮਾਲਾ ਵਿਚ ਮੌਜੂਦ ਨਹੀਂ ਹਨ। ਸਭ ਭਾਸ਼ਾਵਾਂ ਵਿਚ ਇਹ ਤਕਨੀਕ ਵਖੋ ਵਖ ਹੈ।

ਮਿਸਾਲ ਲਈ, ਲੇਜ਼ਗਿਨ ਵਰਣਮਾਲਾ ਦੇ ਸੰਬੰਧ ਵਿਚ ਉਸ ਦੀਆਂ ਵਿਸ਼ੇਸ਼ ਅਵਾਜ਼ਾਂ ਨੂੰ ਪਰਗਟ ਕਰਨ ਲਈ ਰੂਸੀ ਅੱਖਰਾਂ ਦਾ ਸੰਜੋਗ ਵੀ

Sri Satguru Jagjit Singh Ji Elibrary NamdhariElibrary@gmail.com

ਵਰਤਿਆ ਗਿਆ ਹੈ ਅਤੇ ਕੁਝ ਨਵੇਂ ਅੱਖਰ ਵੀ ਵਰਤੇ ਗਏ ਹਨ। ਲੇਜ਼ਗਿਨ ਕੋਮਲ ਕੰਠੀ (кь) ਅੱਖਰ к ਅਤੇ ਦੀਰਘਤਾ ਦੇ ਚਿੰਨ੍ਹ ь ਦੁਆਰਾ ਪਰਗਟ ਕੀਤਾ ਗਿਆ; ਬਾਅਵਾਜ਼ ਸਫੀਰੀ (гь) г ਤੇ ь (ਕੋਮਲਤਾ ਦਾ ਸੂਚਿਕ) ਦੇ ਸੰਜੋਗ ਦੁਆਰਾ ਪਰਗਟ ਕੀਤਾ ਗਿਆ। ਲੰਮੇ ਦੋਹਰੇ ਵਿਅੰਜਨਾਂ ਨੂੰ ਰੂਸੀ ਅੱਖਰਾਂ (кк, тт, ਆਦਿ) ਦੀ ਦੂਹਰੀ ਵਰਤੋਂ ਨਾਲ ਪਰਗਟ ਕੀਤਾ ਗਿਆ ਹੈ।

ਇਸ ਤੋਂ ਇਲਾਵਾ, ਲੇਜ਼ਗਿਨ ਵਰਣਮਾਲਾ ਵਿਚ ਇਕ ਵਾਧੂ ਚਿੰਨ੍ਹ, ਰੋਮਨ ਅੱਖਰ I, ਸ਼ਾਮਲ ਕੀਤਾ ਗਿਆ। ਰੂਸੀ ਅੱਖਰ ਨਾਲ ਜੁੜ ਕੇ, ਇਹ ਵਿਸ਼ੇਸ਼ ਲੇਜ਼ਗਿਨ ਕੰਠਵੀਂ ਆਵਾਜ਼ਾਂ ਨੂੰ ਪਰਗਟ ਕਰਦਾ ਹੈ।

ਕੁਝ ਨਵੀਆਂ ਵਰਣ ਮਾਲਾਵਾਂ ਵਿਚ, ਕੁਝ ਖ਼ਾਸ ਹਾਲਤਾਂ ਵਿਚ ਦੋ, ਤਿੰਨ, ਜਾਂ ਚਾਰ ਅੱਖਰਾਂ ਦਾ ਸੰਜੋਗ ਵੀ ਵਰਤਣਾ ਸ਼ੁਰੂ ਕੀਤਾ ਗਿਆ। ਕਾਬਾਰਦੀਨੀ ਵਿਚ (ਚੇਰਕੇਸ) ਕੰਠਵੀ ਗੋਲ ਬੇ-ਅਵਾਜ਼ ਧੁਨੀ ਤਿੰਨ ਅੱਖਰਾਂ ਦੇ ਸੰਜੋਗ ਦੁਆਰਾ ਪਰਗਟ ਕੀਤੀ ਜਾਂਦੀ ਹੈ। ਕਾਬਾਰਦੀਨੋ-ਚੇਰਕੇਸ ਵਿਚ ਇਕ ਨਿਸਚਿਤ ਵਿਸੇਸ਼ ਧੁਨੀ ਚਾਰ ਅੱਖਰਾਂ ਦੁਆਰਾ ਪਰਗਟਾਈ ਜਾਂਦੀ ਹੈ। ਪਰਤੱਖ ਤੌਰ ਤੇ ਇਹ ਇਕ ਔਗੁਣ ਹੈ ਅਤੇ ਅੱਖਰ ਸੰਜੋਗ ਲਈ ਇਕੋ ਅੱਖਰ ਲਭ ਕੇ ਵਰਣਮਾਲਾ ਨੂੰ ਸਰਲ ਬਣਾਉਣ ਦੇ ਜਤਨ ਕੀਤੇ ਜਾ ਰਹੇ ਹਨ।

ਇਕ ਹੋਰ ਤਰੁਟੀ ਇਹ ਹੈ ਕਿ ਇਕੋ ਅਵਾਜ਼ — ਸਜਾਤੀ ਬੋਲੀ ਵਿਚ ਵੀ ਇਹ ਦੇਖਣ ਵਿਚ ਆਇਆ ਹੈ — ਵਖ ਵਖ ਤਰ੍ਹਾਂ ਪਰਗਟਾਈ ਜਾਂਦੀ ਹੈ ਜਿਵੇਂ ਕਾਕੇਸ਼ੀਆਈ ਤੇ ਤੁਰਕੀ ਬੋਲੀਆਂ ਦੀਆਂ ਵਰਣ-ਮਾਲਾਵਾਂ ਤੋਂ ਇਹ ਗੱਲ ਵਿਸ਼ੇਸ਼ ਕਰ ਕੇ ਪਰਤੱਖ ਹੁੰਦੀ ਹੈ। ਵਰਣਮਾਲਾ

Sri Satguru Jagjit Singh Ji Elibrary NamdhariElibrary@gmail.com

ਰਚਤਿਆਂ ਲਈ ਇਹ ਵੀ ਇਕ ਸੋਚ ਦਾ ਵਿਸ਼ਾ ਹੈ।

ਇਕ ਵਿਸ਼ੇਸ਼ ਅਵਾਜ਼ ਦਾ ਅੱਖਰਾਂ ਦੇ ਸੰਜੋਗ ਦੁਆਰਾ ਲਿਪੀ ਪਰਗਟਾਅ ਅੰਗਰੇਜ਼ੀ (Sch etc.) ਅਤੇ ਜਰਮਨ (tsch, etc.) ਵਿਚ ਲਭਦਾ ਹੈ। ਇਹ ਗੱਲਾਂ ਨਿਸਚੇ ਹੀ ਉਹਨਾਂ ਵਰਣਮਾਲਾਵਾਂ ਦੀ ਕਮਜ਼ੋਰੀ ਹਨ।

ਉਜ਼ਬੇਕ ਦਰਣਮਾਲਾ ਦੇ ਰਚਤਿਆਂ ਨੇ ਬੜੀ ਸਫਲਤਾ ਨਾਲ ਅਜਿਹੇ ਬਿਖੜੇ ਮਾਰਗ ਤੋਂ ਖਹਿੜਾ ਛੁਡਾਇਆ ਹੈ ਅਤੇ ਉਹਨਾਂ ਨੇ ਹਰ ਆਵਾਜ਼ ਲਈ, ਸਮੇਤ ਵਿਸ਼ੇਸ਼ ਆਵਾਜ਼ਾਂ ਦੇ, ਇਕੋ ਅੱਖਰ ਘੜਿਆ ਹੈ। ਨਾ ਹੀ ਉਜ਼ਬੇਕ ਵਰਣਮਾਲਾ ਵਿਚ ਕੋਈ ਵਾਧੂ ਅੱਖਰ ਹੈ, ਜਿਹੜਾ ਰੂਸੀ ਲਿਪੀ ਵਿਚ ਨਾ ਲਭਦਾ ਹੋਵੇ। ਇਸ ਦੇ ਬਜਾਏ, ਲਗ ਮਾਤਰਾਂ ਦੀ ਵਰਤੋਂ ਕੀਤੀ ਗਈ ਹੈ, ਅਤੇ ਕੁਝ ਰੂਸੀ ਅੱਖਰਾਂ ਦੀ ਸ਼ਕਲ ਮਾੜੀ ਮੋਟੀ ਬਦਲ ਦਿਤੀ ਗਈ ਹੈ।

ਮੁਕਦੀ ਗੱਲ ਇਹ ਹੈ ਕਿ ਨਵੀਆਂ ਵਰਣਮਾਲਾਵਾਂ ਵਿਚ, ਰੂਸੀ ਲਿਪੀ ਨੂੰ ਆਧਾਰ ਮੰਨ ਕੇ ਮਾਤ੍ਰਿਕ ਚਿੰਨ੍ਹ, ਅੱਖਰਾਂ ਦੇ ਸੰਜੋਗ, ਰੂਸੀ ਅੱਖਰਾਂ ਦੇ ਨਵੇਂ ਰੂਪ ਅਤੇ ਨਵੇਂ ਅੱਖਰ ਸ਼ਾਮਲ ਕਰ ਲਏ ਗਏ ਹਨ, ਜਿਹੜੇ ਰੂਸੀ ਵਰਣਮਾਲਾ ਵਿਚ ਨਹੀਂ।

ਇਹ ਨੋਟ ਕਰਨਾ ਚਾਹੀਦਾ ਹੈ ਕਿ ਉੱਕਾ ਹੀ ਨਵੇਂ ਲਿਪੀ ਆਧਾਰ ਉਤੇ ਨਵੀਆਂ ਵਰਣਮਾਲਾਵਾਂ ਤਿਆਰ ਕਰਨ ਦਾ ਵਿਚਾਰ ਮੂਲੋਂ ਹੀ ਅਢੁਕਵਾਂ ਸਿਧ ਹੋਇਆ, ਟੈਕਨੀਕਲ ਤੇ ਵਿਹਾਰਕ ਦੋਹਾਂ ਰੂਪਾਂ ਵਿਚ, ਇਸ ਤੋਂ ਇਲਾਵਾ ਇਹ ਹਰ ਹਾਲਤ ਵਿਚ ਬੇਹੱਦ ਮਹਿੰਗਾ ਕੰਮ ਰਿਹਾ।

Sri Satguru Jagjit Singh Ji Elibrary NamdhariElibrary@gmail.com

ਧੁਨੀ ਵਿਗਿਆਨਕ ਅਸੂਲ

ਨਵੀਆਂ ਵਰਣਮਾਲਾਵਾਂ ਤਿਆਰ ਕਰਨ ਸੰਬੰਧੀ ਵਡੀ ਸਮੱਸਿਆ ਉਹਨਾਂ ਦੇ ਧੁਨੀ-ਵਿਗਿਆਨਕ ਅਸੂਲ ਤੈਅ ਕਰਨਾ ਸੀ। ਇਸ ਕਠਨ ਸਮੱਸਿਆ ਨੇ ਬਹੁਤ ਸਾਰੇ ਵਿਵਾਦ ਖੜੇ ਕੀਤੇ।

ਜਿਥੇ ਕੁਝ ਇਕਨਾ ਦਾ ਇਹ ਵਿਸ਼ਵਾਸ ਸੀ ਕਿ ਵਿਸ਼ਾਲ ਪੈਮਾਨੇ ਤੇ ਅਮਲੀ ਵਰਤੋਂ ਲਈ ਬਣਾਈ ਵਰਣਮਾਲਾ ਧੁਨੀਆਤਮਕ ਉਤਾਰੇ ਤੇ ਆਧਾਰਤ ਹੋਣੀ ਚਾਹੀਦੀ ਹੈ, ਉਥੇ ਕੁਝ ਹੋਰਾਂ ਦਾ ਇਹ ਖ਼ਿਆਲ ਸੀ ਕਿ ਇਸ ਨੂੰ ਕੇਵਲ ਧੁਨੀਆਂ ਦੀ ਤਸਵੀਰੀ ਪ੍ਰਤੀਨਿਧਤਾ ਹੀ ਕਰਨੀ ਚਾਹੀਦੀ ਹੈ। ਇਕ ਹੋਰ ਰਾਏ ਇਹ ਸੀ ਕਿ ਕੁਝ ਚਿੰਨ੍ਹ ਧੁਨੀ ਵੰਨ-ਸੁਵੰਨਤਾ ਲਈ ਵੀ ਸ਼ਾਮਲ ਕਰਨੇ ਚਾਹੀਦੇ ਹਨ।

ਕੰਮ ਦੇ ਪਹਿਲੇ ਦੌਰ ਸਮੇਂ ਇਸ ਫ਼ਾਰਮੂਲੇ ਨੂੰ ਲਗਪਗ ਸਰਵ-ਵਿਆਪੀ ਮਾਨਤਾ ਮਿਲੀ ਕਿ "ਵਿਹਾਰਕ ਲਿਪੀਆਂ ਵਿਚ ਇਕੱਲੀਆਂ ਧੁਨੀਆਂ ਦੀ ਹੀ ਪ੍ਰਤੀਨਿਧਤਾ ਹੋਣੀ ਚਾਹੀਦੀ ਹੈ। ਪ੍ਰੋਫ਼ੈਸਰ ਐਨ. ਯਾਕੋਵਲੇਵ, ਜਿਸ ਨੇ ਕੁਝ ਕਾਕੇਸ਼ੀਆਈ ਭਾਸ਼ਾਵਾਂ ਦੀਆਂ ਲਿਪੀਆਂ ਤਿਆਰ ਕਰਨ ਵਿਚ ਸਰਗਰਮ ਹਿੱਸਾ ਲਿਆ, ਇਸ ਫ਼ਾਰਮੂਲੇ ਨਾਲ ਸਹਿਮਤੀ ਰਖਣ ਵਾਲਿਆਂ ਦਾ ਵਿਚਾਰ ਇੰਜ ਬਿਆਨ ਕੀਤਾ : "......ਇਕ ਧੁਨੀ-ਵਿਗਿਆਨੀ ਜਤਨ ਕਰਦਾ ਹੈ ਕਿ ਉਹ ਆਪਣੇ ਅੱਖਰ ਚਿਨ੍ਹਾਂ ਵਿਚ ਆਵਾਜ਼ ਦੇ ਵਧ ਤੋਂ ਵਧ ਫ਼ਰਕ ਨੂੰ ਅੰਕਤ ਕਰੇ, ਜਿਸ ਨੂੰ ਮਨੁੱਖੀ ਕੰਨ ਫੜ ਸਕਦੇ ਹਨ, ਜਦ ਕਿ ਇਕ ਸਾਧਾਰਨ ਵਕਤੇ ਦਾ ਕੰਨ ਆਵਾਜ਼ ਦੇ ਘਟੋ ਘਟ ਅੰਤਰਾਂ ਨੂੰ ਹੀ ਅਨੁਭਵ ਕਰਦਾ ਹੈ,

Sri Satguru Jagjit Singh Ji Elibrary NamdhariElibrary@gmail.com

ਜਿਸ ਦੀ ਸਾਧਾਰਨ ਸੂਝ ਬੂਝ ਲਈ ਉਸ ਨੂੰ ਲੋੜ ਹੁੰਦੀ ਹੈ। ਵਿਗਿਆਨਕ ਅੱਖਰ-ਚਿੰਨ੍ਹ ਦੇ ਵਿਸ਼ੇਸ਼ ਲੱਛਣ ਤੇ ਵਿਹਾਰੀ ਲਿਖਤ ਦੇ ਖ਼ਾਸੇ ਵਿਚਕਾਰ ਠੀਕ ਬੁਨਿਆਦੀ ਫਰਕ ਇਹੀ ਹੁੰਦਾ ਹੈ।"

ਪਹਿਲੀ ਪ੍ਰਵਿਰਤੀ ਦੇ ਮਾਲਕ ਵਿਅਕਤੀਗਤ ਧੁਨੀ ਅਰਥਾਂਤਰਾਂ ਦੀ ਮਹੱਤਤਾ ਨੂੰ ਵਧਾਅ ਚੜ੍ਹਾਅ ਕੇ ਪੇਸ਼ ਕਰਨ ਦੇ ਜ਼ਿਮੇਵਾਰ ਹਨ, ਜਿਸ ਤੋਂ ਇਹ ਪਤਾ ਲਗਦਾ ਹੈ ਕਿ ਵਿਗਿਆਨਕ ਲਿਪੀਆਂ ਵਿਚ ਆਮ ਕਰ ਕੇ ਉਸ ਨਾਲੋਂ ਵਧੇਰੇ ਅੱਖਰ ਕਿਉਂ ਹੁੰਦੇ ਹਨ, ਜਿੰਨੇ ਅਮਲੀ ਮਨੋਰਥਾਂ ਲਈ ਜ਼ਰੂਰੀ ਹਨ। ਭਾਵੇਂ ਉਹ ਵਿਗਿਆਨਕ ਤੌਰ ਤੇ ਚੰਗੀ ਤਰ੍ਹਾਂ ਸਿਧ ਹੋਈਆਂ ਹੁੰਦੀਆਂ ਹਨ ਅਤੇ ਭਾਸ਼ਾ ਦੀਆਂ ਸਭਨਾਂ ਅਵਾਜ਼ਾਂ ਨੂੰ ਠੀਕ ਠੀਕ ਪ੍ਰਗਟ ਕਰਦੀਆਂ ਹਨ, ਪਰ ਅੱਖਰ ਗਿਣਤੀ ਵਿਚ ਬਹੁਤ ਜ਼ਿਆਦਾ ਹੁੰਦੇ ਹਨ ਅਤੇ ਸਦਾ ਹੀ ਬਹੁਤੇ ਇਕਸਾਰ ਨਹੀਂ ਹੁੰਦੇ। ਫੇਰ ਵੀ ਅਜਿਹੀਆਂ ਲਿਪੀਆਂ ਨੂੰ ਉਹਨਾਂ ਦੇ ਕਰਤੇ ਨਵੀਆਂ ਵਰਣਮਾਲਾਵਾਂ ਦੇ ਖਾਕਿਆਂ ਵਜੋਂ ਅਕਸਰ ਪੇਸ਼ ਕਰਦੇ ਸਨ।

ਐਨ. ਯਾਕੋਵਲੇਵ ਦੀ ਰਾਏ ਹੈ ਕਿ ਵਿਹਾਰਕ ਵਰਣਮਾਲਾ ਦਾ ਵਿਗਿਆਨਕ ਆਧਾਰ ਉਸਾਰਨ ਲਈ ਸਭ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਸਿਧਾਂਤਕ ਧੁਨੀ-ਵਿਗਿਆਨਕ ਕਥਨਾਂ ਵਿਚ ਸੁਧਾਈ ਕੀਤੀ ਜਾਏ। ਉਸ ਨੇ ਲਿਖਿਆ ਹੈ: "ਹਰ ਸਿਧਾਂਤਕ ਧੁਨੀ-ਵਿਗਿਆਨੀ ਇਸ ਗੱਲੋਂ ਸੁਚੇਤ ਹੈ ਕਿ ਕਿਸੇ ਵੀ ਜੀਊਂਦੀ ਉਪ-ਭਾਖਾ ਵਿਚ ਇਕ ਵਿਦਵਾਨ ਅਮਲੀ ਤੌਰ ਤੇ ਅਸੀਮਤ ਗਿਣਤੀ ਵਿਚ ਧੁਨੀ-ਅੰਤਰ ਲਭ ਸਕਦਾ ਹੈ। ਖੋਜੀ ਦੇ ਕੰਨ ਜਿਵੇਂ ਜਿਵੇਂ ਵਧੇਰੇ ਸੋਘੀ ਹੁੰਦੇ ਜਾਣਗੇ ਅਤੇ ਆਵਾਜ਼ ਰਿਕਾਰਡ ਕਰਨ ਦੇ ਜੰਤਰ ਜਿਵੇਂ ਜਿਵੇਂ ਉੱਨਤ ਹੁੰਦੇ ਜਾਣਗੇ,

Sri Satguru Jagjit Singh Ji Elibrary NamdhariElibrary@gmail.com

ਇਹ ਗਿਣਤੀ ਵਧਦੀ ਚਲੀ ਜਾਏਗੀ।''

ਧੁਨੀ-ਵਿਗਿਆਨਕ ਲਿਪੀ ਦੇ ਆਧਾਰ ਉਤੇ ਆਮ ਵਿਹਾਰੀ ਵਰਣਮਾਲਾ ਵਿਕਸਾਉਣ ਦੀ ਸੁਗਮਤਾ ਤੇ ਚਰਚਾ ਕਰਦਿਆਂ ਐਨ. ਯਾਰਕੋਵਲੇਵ ਇਸ ਸਿੱਟੇ ਤੇ ਪੁਜਾ ਸੀ ਕਿ ਜੇ ਧੁਨੀਆਂ ਨੂੰ ਉਹਨਾਂ ਦੇ ਸਮਾਜੀ ਬੋਲਚਾਲ ਦੇ ਕਰਤੱਵਾਂ ਤੋਂ ਅਲੱਗ ਕਰ ਕੇ ਦੇਖਿਆ ਜਾਏ, ਤਾਂ ਕਿਸੇ ਵੀ ਭਾਸ਼ਾ ਵਿਚ ਧੁਨੀਆਂ ਦੀ ਕੋਈ ਸੀਮਾ ਹੀ ਨਹੀਂ ਰਹਿ ਸਕਦੀ।

ਸੋਵੀਅਤ ਭਾਸ਼ਾ ਵਿਗਿਆਨੀਆਂ ਦੀਆਂ ਸਿਧਾਂਤਕ ਤੇ ਅਮਲੀ ਲਭਤਾਂ ਨੇ, ਜਿਨ੍ਹਾਂ ਨੂੰ ਐਨ, ਯਾਕੋਵਲੇਵ ਨੇ ਆਪਣੇ ਲੇਖ ''ਵਰਣਮਾਲਾ ਘੜਨ ਲਈ ਗਣਿਤ ਸ਼ਾਸਤਰ ਗੁਰ'' (ਪੂਰਬੀ ਸਭਿਆਚਾਰ ਤੇ ਲਿਖਤਾਂ, ਮਾਸਕੋ, ੧੯੨੮, ਪੰਨਾ ੪੮) ਵਿਚ ਵਰਣਨ ਕੀਤਾ ਹੈ, ਵਿਹਾਰੀ ਵਰਣਮਾਲਾਵਾਂ ਦੇ ਸਿਧਾਂਤ ਦੇ ਵਿਕਾਸ ਵਿਚ ਵੱਡਾ ਹਿੱਸਾ ਪਾਇਆ ਹੈ।

ਉਹ ਲਿਖਦਾ ਹੈ ਕਿ ਹਰ ਭਾਸ਼ਾ ਵਿਚ ਧੁਨੀ-ਅੰਤਰਾਂ (ਧੁਨੀਆਂ) ਦੇ ਦੋ ਉਪ-ਵਰਗ ਹਨ, ਜਿਨ੍ਹਾਂ ਦੀ ਹੋਂਦ ਵਿਆਕਰਣ ਕੀ (ਸਮਾਜਕ) ਹੈ। ਇਹਨਾਂ ਵਿਚੋਂ ਇਕ ਦਾ ਸੰਬੰਧ ਸ਼ਬਦ ਅਰਥਾਂ (''ਭਾਵ'') ਨਾਲ ਹੈ ਅਤੇ ਇਸ ਵਿਚ ਉਹ ਚੀਜ਼ ਸ਼ਾਮਲ ਹੈ, ਜਿਸ ਨੂੰ ਵਿਆਕਰਣ ਵਿਚ ''ਮੂਲ ਧੁਨੀਆਂ'' ਜਾਂ ਸੁਤੰਤਰ ਬੋਲ ਧੁਨੀ ਆਖਿਆ ਜਾਂਦਾ ਹੈ। ਲਗਪਗ ਹਰ ਭਾਸ਼ਾ ਪਰਸਪਰ ਵਿਰੋਧੀ ਜਾਂ ਜੁੜਵੀਂ ਸਵੱਰ ਤੇ ਵਿਅੰਜਨ ਧੁਨੀਆਂ ਬਣਾਉਣ ਲਈ ਆਪਣੇ ਧੁਨੀ-ਵਿਗਿਆਨਕ ਪ੍ਰਬੰਧ ਦੇ ਕੁਝ ਲੱਛਣਾਂ ਦੀ ਵਰਤੋਂ ਕਰ ਕੇ ਮੂਲ-ਧੁਨੀਆਂ ਨੂੰ ਰੂਪ ਦੇਂਦੀ ਹੈ। ਰੂਸੀ ਵਿਚ ਦੀਰਘ ਤੇ ਹਰਸਵ ਜੁੜਵੇਂ ਵਿਅੰਜਨ ਧੁਨੀਗ੍ਰਾਮ, ਬਹੁਤ ਸਾਰੀਆਂ

Sri Satguru Jagjit Singh Ji Elibrary NamdhariElibrary@gmail.com

ਤੁਰਕੀ ਭਾਸ਼ਾਵਾਂ ਵਿਚ ਦੀਰਘ ਤੇ ਰਹਸਵ ਸਵੱਰ ; ਸਕ੍ਰੀਅ ਤੇ ਅਕ੍ਰੀਅ ਹੋਠੀਕਰਨ, ਕੰਠੀ ਅਤੇ ਉਪ-ਸਵਰ ਘੰਤਰ ਸਾਹ-ਨਿਕਾਸ ਅਤੇ, ਫੇਰ ਕਾਕੇਸ਼ੀਆਈ ਭਾਸ਼ਾਵਾਂ ਵਿਚ ਦੀਰਘਤਾ ਤੇ ਕੋਮਲਤਾ ਇਸ ਦੀਆਂ ਮਿਸਾਲਾਂ ਹਨ।

ਕਿਸੇ ਵੀ ਭਾਸ਼ਾ ਵਿਚ ਹੋਰ ਉਪ-ਵਰਗਾਂ ਦੇ ਧੁਨੀ-ਅੰਤਰ ਕੁਝ ਨਿਸਚਿਤ ਧੁਨੀਆਂ ਦੇ ਸੰਜੋਗ ਨਾਲ ਉਤਪੰਨ ਹੁੰਦੇ ਹਨ ਅਤੇ ਇਹਨਾਂ ਨੂੰ "ਇਸਥਿਤ ਰੂਪ" ਆਖਿਆ ਜਾਂਦਾ ਹੈ।

ਵਿਹਾਰਕ ਲਿਪੀ ਵਿਚ ਮੂਲਧੁਨੀਆਂ ਅਤੇ ਕੇਵਲ ਮੂਲਧੁਨੀਆਂ ਦੀ ਹੀ ਪ੍ਰਤੀਨਿਧਤਾ ਹੋਣੀ ਚਾਹੀਦੀ ਹੈ। ਕੇਵਲ ਇਸੇ ਅਸੂਲ ਦੁਆਰਾ ਹੀ ਵਰਤੋਂ ਯੋਗ ਵਰਣਮਾਲਾ ਦਾ ਜਨਮ ਹੋ ਸਕਦਾ ਹੈ।

ਇਹਨਾਂ ਧੁਨੀ-ਵਿਗਿਆਨਕ ਅਸੂਲਾਂ ਤੋਂ ਚਲ ਕੇ ਹੀ ਐਨ. ਯਾਕੋਵਲੇਵ ਨੇ ਵਰਣਮਾਲਾ ਤਿਆਰ ਕਰਨ ਦੇ ਇਕ ਗਣਤ੍ਰਿਕ ਫ਼ਾਰਮੂਲੇ ਦਾ ਸੁਝਾਓ ਦਿਤਾ ਸੀ :

$$A = C + V$$

A ਵਰਣਮਾਲਾ ਦੇ ਅੱਖਰਾਂ ਦਾ ਸਮੂਹ ਹੈ ;

C ਸੁਤੰਤਰ ਵਿਅੰਜਨ ਧੁਨੀਆਂ ਦੀ ਗਿਣਤੀ ਹੈ ;

V ਸੁਤੰਤਰ ਸਵੱਰ ਧੁਨੀਆਂ ਦੀ ਗਿਣਤੀ ਹੈ।

ਬਹੁਤ ਹਾਲਤਾਂ ਵਿਚ ਥੋੜੀ ਗਿਣਤੀ ਵਿਚ ਅੱਖਰ ਲਭ ਕੇ ਵਰਣਮਾਲਾ ਨੂੰ ਹੋਰ ਸਰਲ ਬਣਾਇਆ ਜਾ ਸਕਦਾ ਹੈ। ਅਜਿਹਾ ਇਕ ਫ਼ਾਰਮੂਲੇ ਦੀ ਸਹਾਇਤਾ ਨਾਲ ਹੋ ਸਕਦਾ ਹੈ, ਜੋ ਕਿਸੇ ਵੀ ਭਾਸ਼ਾ

Sri Satguru Jagjit Singh Ji Elibrary NamdhariElibrary@gmail.com

ਤੇ ਵਰਤਿਆ ਜਾ ਸਕਦਾ ਹੈ ਜਿਸ ਦਾ ਧੁਨੀ-ਵਿਗਿਆਨਕ ਤੱਤ ਹੈ ਤੇ ਧੁਨੀ ਸੰਜੋਗ ਦੇ ਨੇਮ ਹਨ।

ਫ਼ਾਰਮੂਲੇ ਅਨੁਸਾਰ ਅੱਖਰਾਂ ਦੀ ਗਿਣਤੀ C^1-V^1 ਦੁਆਰਾ ਘਟਾਈ ਜਾ ਸਕਦੀ ਹੈ, ਇਥੇ C^1 ਜੋੜਾ ਵਿਅੰਜਨ ਧੁਨੀਆਂ ਜਾਂ ਸੰਬੰਧੀ ਜੋੜਾ ਸਵੱਰਾਂ ਨਾਲ ਸੰਜੋਗ ਵਿਚ ਉਹਨਾਂ ਦੇ ਇਸਥਿਤੀ ਰੂਪਾਂ ਦੀ ਗਿਣਤੀ ਹੈ ; ਅਤੇ V^1 ਜੋੜਾ ਸਵੱਰ ਧੁਨੀਆਂ ਜਾਂ ਜੋੜਾ ਵਿਅੰਜਨਾਂ ਦੇ ਸੰਜੋਗ ਵਿਚ ਉਹਨਾਂ ਦੀ ਧੁਨੀ ਰੂਪਾਂ ਦੀ ਗਿਣਤੀ ਹੈ।

ਇਸ ਲਈ, ਜੇ C^1 ਵਿਅਜਨ ਧੁਨੀਆਂ ਦੀ ਗਿਣਤੀ ਹੈ, ਤਾਂ V^1 ਸਵੱਰ ਧੁਨੀਆਂ ਦੇ ਅਨੁਕੂਲਤ ਜੋੜਾ ਰੂਪਾਂ ਦੀ ਗਿਣਤੀ ਹੋਣੀ ਚਾਹੀਦੀ ਹੈ। ਜੇ V^1 ਜੋੜਾ ਸਵੱਰ ਧੁਨੀਆਂ ਦੀ ਗਿਣਤੀ ਹੈ, ਤਾਂ C^1 ਵਿਅੰਜਨ ਧੁਨੀਆਂ ਦੇ ਅਨੁਕੂਲਤ ਜੋੜਾ ਰੂਪਾਂ ਦੀ ਗਿਣਤੀ ਹੋਣੀ ਚਾਹੀਦੀ ਹੈ।

ਇਸ ਤਰ੍ਹਾਂ ਵਰਣਮਾਲਾ ਦੇ ਆਮ ਫ਼ਾਰਮੂਲੇ ਦਾ ਇਹ ਢਾਂਚਾ ਬਣੇਗਾ :

$$A=(C+V)-\left(\begin{matrix}+\\-\end{matrix}C^1\begin{matrix}-\\+\end{matrix}V^1\right)+^1$$

$\left(\begin{matrix}+\\-\end{matrix}C^1\begin{matrix}-\\+\end{matrix}V^1\right)$ ਅਵੱਸ਼ ਹੀ ਹਾਂ-ਵਾਚੀ ਹੋਣਾ ਚਾਹੀਦਾ ਹੈ। ਏਕਾ (1) ਉਸ ਅੱਖਰ ਦਾ ਸੂਚਕ ਹੈ, ਜਿਹੜਾ ਵਿਅੰਜਨਾਂ ਤੋਂ ਪਹਿਲਾਂ ਜਾਂ ਅੰਤਲੀ ਪੁਜ਼ੀਸ਼ਨ ਵਿਚ (ਰੂਸੀ ਦੀ) ਵਿਅੰਜਨ ਦੇ ਹਰਸਵ ਪ੍ਰਗਟਾਅ ਲਈ ਸ਼ਾਮਲ ਕੀਤਾ ਗਿਆ।

ਪਰੰਤੂ ਇਸ ਫ਼ਾਰਮੂਲੇ ਨਾਲ ਦੂਤ ਅਖਰਾਂ ਦੀ ਲੋੜ ਪਈ। ਤੁਰਤ

Sri Satguru Jagjit Singh Ji Elibrary NamdhariElibrary@gmail.com

ਪਿਛੋਂ ਆਉਂਦੇ ਸਵੱਰ ਅੱਖਰਾਂ ਰਾਹੀਂ ਵਿਅੰਜਨ ਧੁਨੀਆਂ ਦੇ ਨਿਖੇੜੂ ਲੱਛਣਾਂ ਦੇਪ੍ਰਗਟਾ ਦੇ ਪ੍ਰਬੰਧ ਲਈ ਪਿਛੋਂ ਆਉਂਦੇ ਸਵੱਰ ਦੀ ਅਣਹੋਂਦ ਵਿਚ ਵਿਸ਼ੇਸ਼ ਚਿੰਨ੍ਹ ਵਰਤਣ ਦੀ ਲਾਜ਼ਮੀ ਲੋੜ ਪਈ। ਫ਼ਾਰਮੂਲਾ ਆਦਰਸ਼ਕ ਹੁੰਦਾ, ਜੇ ਇਹ ਨਿਰੋਲ ਖੁਲ੍ਹੇ ਸ਼ਬਦੰਸ਼ਕ ਢਾਂਚੇ ਲਈ ਵਰਤਣਾ ਹੁੰਦਾ, ਜਿਸ ਵਿਚ ਵਿਅੰਜਨ ਸੰਜੋਗਾਂ ਨੂੰ ਰੱਦ ਕੀਤਾ ਹੁੰਦਾ, ਭਾਵ, ਧੁਨੀ-ਵਿਗਿਆਨਕ ਪ੍ਰਣਾਲੀ ਲਈ, ਜਿਸ ਵਿਚ ਹਰ ਵਿਅੰਜਨ ਦੇ ਮਗਰੋਂ ਬਾਕਾਇਦਾ ਇਕ ਸਵੱਰ ਆਉਂਦਾ ਹੈ, ਜਿਵੇਂ ਆਧੁਨਿਕ ਜਾਪਾਨੀ ਅਤੇ ਕਿਸੇ ਹੱਦ ਤਕ ਅਵਾਰ ਤੇ ਪੁਰਾਣੀ ਬਲਗਾਰੀਅਨ ਵਿਚ। ਇਸ ਹਾਲਤ ਵਿਚ "+1" ਨਹੀਂ ਰਹੇਗਾ ਅਤੇ ਦੁਤ-ਅੱਖਰਾਂ ਦੀ ਲੋੜ ਨਹੀਂ ਹੋਵੇਗੀ।"

ਉੱਤਰ ਕਾਕੇਸ਼ੀਆਈ ਤੇ ਦਾਗਸਤਾਨ ਦੀਆਂ ਭਾਸ਼ਾਵਾਂ ਵਿਚ ਇਸ ਫ਼ਾਰਮੂਲੇ ਦੀ ਵਿਸ਼ਾਲ ਵਰਤੋਂ ਕੀਤੀ ਗਈ। ਜਿਥੋਂ ਤਕ ਸੋਵੀਅਤ ਯੂਨੀਅਨ ਦੀਆਂ ਤੁਰਕੀ, ਫ਼ਿਨੋਂ-ਯੂਗਰਿਕ, ਇਰਾਨੀਅਨ ਤੇ ਮੰਗੋਲੀਅਨ ਭਾਸ਼ਾਵਾਂ ਦਾ ਸੰਬੰਧ ਹੈ, ਇਹਨਾਂ ਦੀਆਂ ਵਰਣਮਾਲਾਂ "ਇਕ ਧੁਨੀ, ਇਕ ਅੱਖਰ" ਦੇ ਅਸੂਲ ਤੇ ਡੀਜ਼ਾਈਨ ਕੀਤੀਆਂ ਗਈਆਂ।

ਐਨ. ਯਾਕੋਵਲੇਵ ਦੇ ਵਿਚਾਰ ਤੇ ਉਸ ਦੇ ਵਰਣਮਾਲਾ ਫ਼ਾਰਮੂਲੇ ੧੯੨੦ਵਿਆਂ ਤੇ ੧੯੩੦ਵਿਆਂ ਦੇ ਸੋਵੀਅਤ ਭਾਸ਼ਾ ਵਿਗਿਆਨੀਆਂ ਵਿਚ ਪ੍ਰਚਲਤ ਸੰਕਲਪਾਂ ਨੂੰ ਪ੍ਰਗਟਾਉਂਦੇ ਹਨ, ਜਦੋਂ ਕਿ ਵਰਣਮਾਲਾ ਦੀ ਉਸਾਰੀ ਦੇ ਧੁਨੀ-ਵਿਗਿਆਨਕ ਅਸੂਲ ਵਿਕਸਤ ਹੋਏ। ਅਤਿ ਢੁੱਕਵਾਂ ਸੰਕਲਪ ਉਹ ਸੀ, ਜਿਸ ਨੇ ਦਸੇ ਫ਼ਾਰਮੂਲੇ ਦੀ ਵਿਗਿਆਨਕ ਸਿਧੀ ਕੀਤੀ, "ਵਿਹਾਰਕ ਲਿਪੀ ਵਿਚ ਕੇਵਲ ਧੁਨੀਆਂ ਦੀ

Sri Satguru Jagjit Singh Ji Elibrary NamdhariElibrary@gmail.com

ਹੀ ਪ੍ਰਤੀਨਿਧਤਾ ਹੋਣੀ ਚਾਹੀਦੀ ਹੈ।" ਇਸ ਫ਼ਾਰਮੂਲੇ ਦੀ ਸਿਧਾਂਤਕ ਸਿਧੀ ਸੋਵੀਅਤ ਭਾਸ਼ਾ ਵਿਗਿਆਨੀਆਂ ਦੀ ਇਕ ਅਹਿਮ ਪ੍ਰਾਪਤੀ ਸੀ। ਇਸ ਸੰਬੰਧ ਵਿਚ ਹੋਈ ਖੋਜ ਨੇ ਸੋਵੀਅਤ ਯੂਨੀਅਨ ਦੀਆਂ ਅਤਿ ਸਾਹਿੱਤਕ ਭਾਸ਼ਾਵਾਂ ਤੇ ਉਹਨਾਂ ਭਾਸ਼ਾਵਾਂ ਦੇ ਵਿਕਾਸ ਨੂੰ ਬਹੁਤ ਉੱਨਤ ਕੀਤਾ, ਜਿਨ੍ਹਾਂ ਦੀਆਂ ਕੋਈ ਲਿਪੀਆਂ ਨਹੀਂ ਸਨ।

ਨਵੀਆਂ ਵਰਣਮਾਲਾਵਾਂ ਦੇ ਕੰਮ ਨੇ ਸਿਧਾਂਤਕ ਪ੍ਰਸਤਾਵਾਂ ਤੇ ਫ਼ਾਰਮੂਲਿਆਂ ਵਿਚ ਲਾਜ਼ਮੀ ਸੁਧਾਈਆਂ ਕੀਤੀਆਂ। ਇਸ ਪ੍ਰਕਾਰ ਇਹ ਫ਼ਾਰਮੂਲਾ ਕਿ "ਵਿਹਾਰਕ ਲਿਪੀ ਵਿਚ ਕੇਵਲ ਧੁਨੀਆਂ ਦੀ ਹੀ ਪ੍ਰਤੀਨਿਧਤਾ ਹੋਣੀ ਚਾਹੀਦੀ ਹੈ" ਪਦਾਰਥਕ ਤੌਰ ਤੇ ਉੱਨਤ ਹੋਇਆ, ਜਿਵੇਂ ਹਾਲ ਵਿਚ ਹੀ ਲਿਖਤ ਵਿਚ ਆਉਣ ਵਾਲੀਆਂ ਸਾਹਿੱਤਕ ਭਾਸ਼ਾਵਾਂ ਦੇ ਉਪ-ਭਾਖਾ ਆਧਾਰ ਦੇ ਸਿਧਾਂਤਕ ਪ੍ਰਸਤਾਵਾਂ ਦੀ ਹੋਰ ਅਗੇਰੇ ਵਿਆਖਿਆ ਕੀਤੀ ਗਈ। ਨਵੀਆਂ ਵਰਣਮਾਲਾਵਾਂ ਵਿਚ ਕੇਵਲ ਉਹਨਾਂ ਧੁਨੀਆਂ ਨੂੰ ਪ੍ਰਤੀਨਿਧਤਾ ਦਿਤੀ ਗਈ, ਜੋ ਬੁਨਿਆਦੀ ਉਪ-ਭਾਖਾ ਦੀ ਵਿਸ਼ੇਸ਼ਤਾ ਸਨ ਅਤੇ ਸੰਬੰਧਤ ਭਾਸ਼ਾ ਦੀਆਂ ਦੂਜੀਆਂ ਉਪ-ਭਾਖਾਵਾਂ ਵਿਚ ਵੀ ਅਕਸਰ ਆਉਂਦੀਆਂ ਸਨ ਅਤੇ ਜਿਹੜੀਆਂ ਅਲੱਗ ਉਪ-ਭਾਖਾਵਾਂ ਤੇ ਜ਼ੈਲੀ-ਭਾਖਾਵਾਂ ਤਕ ਸੀਮਤ ਸਨ ਉਹਨਾਂ ਲਈ ਵਿਸ਼ੇਸ਼ ਅੱਖਰ ਨਹੀਂ ਬਣਾਏ ਗਏ (ਆਵਾਰ, ਚੇਚੇਨ, ਆਦਿ, ਦੀਆਂ)।

ਲਿਪੀ ਅਤੇ ਟਾਈਪ ਸੰਬੰਧੀ ਅਸੂਲ

੧੯੨੦ਵਿਆਂ ਤੇ ੧੯੩੦ਵਿਆਂ ਵਿਚ ਨਵੀਆਂ ਵਰਣਮਾਲਾਵਾਂ ਦੇ ਲਿਪੀ ਦੇ ਅਸੂਲਾਂ ਵਲ ਬਹੁਤਾ ਧਿਆਨ ਦਿਤਾ ਗਿਆ ਸੀ। ਬਹੁਤ

Sri Satguru Jagjit Singh Ji Elibrary NamdhariElibrary@gmail.com

ਸਾਰੇ ਨਿਬੰਧ ਲਿਖੇ ਗਏ, ਜਿਹੜੇ ਵਰਣਮਾਲਾਵਾਂ, ਟਾਈਪ, ਸੰਖੇਪ ਅੱਖਰਾਂ ਦੇ ਤਕਨੀਕੀ ਵਿਸ਼ਲੇਸ਼ਣ ਤੇ ਵਰਗੀਕਰਣ ਨਾਲ਼ਭਾਸ਼ਾ-ਵਿਗਿਆਨ ਦੇ ਸੰਬੰਧਾਂ ਬਾਰੇ ਸਨ ਅਤੇ ਜਿਨ੍ਹਾਂ ਦਾ ਆਸ਼ਾ ਲਿਪੀ ਤੇ ਧੁਨੀ ਦੇ ਸੰਜੋਗ, ਉਹਨਾਂ ਦੇ ਆਪਸੀ ਸੰਬੰਧਾਂ ਦੇ ਹੋਰ ਪੱਖਾਂ ਦੀ ਵਿਆਖਿਆ ਕਰਨਾ ਸੀ ।

ਇਥੇ ਅਸੀਂ ਧੁਨੀ ਤੇ ਲਿਪੀ ਦੇ ਪ੍ਰਸਪਰ ਸੰਬੰਧਾਂ ਬਾਰੇ ਕੁਝ ਨੁਕਤਿਆਂ ਤੇ ਵਿਚਾਰ ਕਰਾਂਗੇ ਅਤੇ ਨਵੀਆਂ ਵਰਣਮਾਲਾਵਾਂ ਦੇ ਲਿਪੀ ਪਖ ਦੀਆਂ ਭਾਸ਼ਾ ਵਿਗਿਆਨਕ, ਵਿਦਿਅਕ, ਮਨੋਵਿਗਿਆਨਕ ਤੇ ਟਾਈਪ ਸੰਬੰਧੀ ਮੁੱਢਲੀਆਂ ਸ਼ਰਤਾਂ ਸੰਬੰਧੀ ਵੀ ਚਰਚਾ ਕਰਾਂਗੇ ।

ਇਸ ਸੰਬੰਧ ਵਿਚ ਏ. ਰੇਫ਼ੋਰਮਾਤਸਕੀ ਦਾ ਲੇਖਕ "ਭਾਸ਼ਾ-ਵਿਗਿਆਨ ਤੇ ਟਾਈਪ" ਧਿਆਨ ਦੇਣ ਯੋਗ ਹੈ, ਜਿਸ ਵਿਚ ਉਸ ਨੇ ਲਿਖਿਆ ਹੈ ਕਿ ਸਮਾਜੀ ਮੇਲ-ਜੋਲ ਦੇ ਸਾਧਨ ਵਜੋਂ ਧੁਨੀ-ਸੰਕੇਤ ਵਿਚ ਮੁਖ ਪ੍ਰਵਿਰਤੀ ਫ਼ੋਨਮੈਟਿਕ ਪ੍ਰਵਿਰਤੀ ਹੈ । ਉਸ ਨੇ ਇਹ ਵੀ ਲਿਖਿਆ ਹੈ ਕਿ ਸਿਧਾਂਤਕ ਤੌਰ ਤੇ ਕਿਸੇ ਵੀ ਵਰਣਮਾਲਾ ਦਾ ਪੈਟਰਨ ਗੋਥਿਕ ਜਾਂ ਲਾਤੀਨੀ ਜਾਂ ਕਿਸੇ ਹੋਰ ਕਿਸਮ ਦੀ ਲਿਪੀ ਅਨੁਸਾਰ ਢਾਲਿਆ ਜਾ ਸਕਦਾ ਹੈ । ਇਹ ਸਭ ਵਖ ਵਖ ਢੰਗ ਹੋਣਗੇ । ਧੁਨੀ-ਸੰਕੇਤਾਂ ਨੂੰ ਲਿਪੀ (ਵਰਣਮਾਲਾ) ਪ੍ਰਗਟਾਅ ਦੇਣ ਦੇ ।

ਇਸ ਲਈ, ਇਕ ਵਾਰ ਧੁਨੀ-ਸੰਕੇਤ ਦੀ ਥਾਂ ਲਿਪੀ ਆਧਾਰ ਆਇਆ ਜੋ ਕਿ ਉਤਾਰੇ ਦੀ ਵਿਆਖਿਆਤਮਕ ਪ੍ਰਣਾਲੀ ਦਾ ਪ੍ਰਤੀਨਿਧ ਹੋਵੇ, ਸਿਟੇ ਵਜੋਂ ਇਕ ਨਿਗਰ ਵਰਣਮਾਲਾ ਤਿਆਰ ਹੋਈ ਹੈ ।

ਦੂਜੇ ਪਾਸੇ, ਵਰਣਮਾਲਾ ਦਾ ਸਾਕਾਰ ਰੂਪ ਕੁਝ ਨਿਸਚਿਤ ਕਿਸਮ ਦਾ ਟਾਈਪ ਹੁੰਦਾ ਹੈ । ਇਹਨਾਂ ਦੀ ਅਗੋਂ ਟਾਈਪ ਸ਼ੈਲੀਆਂ ਜਾਂ

Sri Satguru Jagjit Singh Ji Elibrary NamdhariElibrary@gmail.com

ਪ੍ਰਵਾਰਾਂ, ਅਤੇ ਹੋਰ ਅਗੋਂ ਸੈਟਾਂ ਵਿਚ, ਉਪਵੰਡ ਹੁੰਦੀ ਹੈ। ਇਸ ਪ੍ਰਕਾਰ ਜਰਮਨ ਵਰਣਮਾਲਾ ਦੇ ਦੋ ਰੂਪ ਹਨ, ਗੋਥਿਕ ਆਧਾਰ ਵਾਲਾ ਤੇ ਲਾਤੀਨੀ ਆਧਾਰ ਵਾਲਾ। ਰੂਸੀ ਤੇ ਫ਼ਰਾਂਸੀਸੀ ਵਰਣਮਾਲਾਵਾਂ ਦਾ ਆਧਾਰ (ਅੰਗਰੇਜ਼ੀ, ਇਤਾਲਵੀ ਤੇ ਹੋਰ ਯੂਰਪੀ ਵਰਣਮਾਲਾਵਾਂ ਵਾਂਗ ਹੀ) ਇਕ ਸਾਂਝੀ, ਅਖੌਤੀ ਪ੍ਰਾਚੀਨ ਲਿਪੀ ਹੈ ਜਿਹੜੀ ਗੋਥਿਕ ਦੇ ਉਲਟ ਹੈ। ਪਰ ਰੂਸੀ ਪ੍ਰਾਚੀਨ ਸ਼ੈਲੀ, ਮੁੜ, ਲੈਟਿਨ (ਯੂਰਪੀ) ਪ੍ਰਾਚੀਨ ਨਾਲੋਂ ਇਸ ਗੱਲੇ ਵਖਰੀ ਹੈ ਕਿ ਇਸ ਨੇ ਸਾਇਰਿਲਿਕ ਵਰਣਮਾਲਾ ਦੇ ਕੁਝ ਅੰਸ਼ ਸਾਂਭੇ ਹੋਏ ਹਨ।

ਵਰਤਮਾਨ ਰੂਸੀ ਟਾਇਪ ਯੂਰਪੀ ਐਂਟੀਕ ਵਾਂਗ ਉਸੇ ਹੀ ਮੁਖ ਸ਼ੈਲੀਆਂ ਦੇ ਹਨ ਅਤੇ ਸੈੱਟ ਵਧੇਰੇ ਵਿਸ਼ੇਸ਼ਤਾ ਵਾਲੇ ਹਨ।

ਵਰਣਮਾਲਾਈ ਤੌਰ ਤੇ ਟਾਇਪ ਨੂੰ ਅਜਿਹੀ ਪ੍ਰਥਾ ਰਚਨਾ ਕਰਨੀ ਚਾਹੀਦੀ ਹੈ ਜੋ ਭਾਸ਼ਾ ਦੇ ਧੁਨੀਆਤਮਕ ਤੱਤ ਨੂੰ ਲਿਪੀ ਪ੍ਰਗਟਾਅ ਦੇਵੇ। ਮਿਸਾਲ ਲਈ, ਜੋੜਾ ਦੀਰਘ ਤੇ ਹਰਸਵ ਵਿਅੰਜਨ ਦਾ ਪ੍ਰਤੀਨਿਧ ਇਕੋ ਜਿਹੀਆਂ ਰੇਖਾਵਾਂ ਦੇ ਚਿੰਨ੍ਹ ਦੁਆਰਾ ਹੋਣਾ ਚਾਹੀਦਾ ਹੈ ਜੋ ਉਹਨਾਂ ਦੇ ਸਾਂਝੇ ਖ਼ਾਸੇ ਨੂੰ ਬਿਆਨ ਕਰਨ, ਅਤੇ ਕੁਝ ਪੂਰਕ ਚਿੰਨ੍ਹਾਂ ਨਾਲ ਉਹਨਾਂ ਨੂੰ ਵਖਰਾਇਆ ਜਾ ਸਕਦਾ ਹੈ। ਰੂਸੀ ਵਰਣਮਾਲਾਈ ਜੋੜ ਇਸ ਦੀ ਚੰਗੀ ਮਿਸਾਲ ਹੈ।

ਸਵਰਾਂ ਤੇ ਵਿਅੰਜਨਾਂ ਵਲੋਂ ਅਦਾ ਕੀਤੇ ਜਾਂਦੇ ਵਖ ਵਖ ਰੋਲ ਨੂੰ ਧਿਆਨ ਵਿਚ ਰਖਦਿਆਂ ਕੇਵਲ ਭਾਸ਼ਾਈ ਤੌਰ ਤੇ ਹੀ ਨਹੀਂ ਸਗੋਂ ਪੜ੍ਹਨ ਦੀ ਸੌਖ ਦੇ ਪਖੋਂ ਵੀ ਇਹ ਮਹੱਤਵਪੂਰਨ ਗੱਲ ਹੈ ਕਿ ਸਵਰਾਂ ਦੀ ਸ਼ਕਲ ਵਿਅੰਜਨਾਂ ਤੋਂ ਵਖਰੀ ਹੋਵੇ। ਇਸ ਲਈ ਇਹ ਗੱਲ ਵਾਜਬ

Sri Satguru Jagjit Singh Ji Elibrary NamdhariElibrary@gmail.com

ਲਗਦੀ ਹੈ ਕਿ ਸਭ ਸਵਰ ਅੱਖਰ ਵਿਅੰਜਨ ਅੱਖਰਾਂ ਦੇ ਉਲਟ, ਜੋ ਕਿ ਕੋਰ ਵਾਲੇ ਚਾਹੀਦੇ ਹਨ, ਕੋਰ ਵਾਲੇ ਨਾ ਹੋਣ, ਉਹ ਗੁਲਾਈ ਵਿਚ ਹੋਣੇ ਚਾਹੀਦੇ ਹਨ ਤਾਂ ਜੋ ਚੌਰਸ ਵਿਅੰਜਨਾਂ ਤੋਂ ਨਿਖੜ ਸਕਣ ।

ਇਹ ਗੱਲ ਵੀ ਧਿਆਨ ਵਿਚ ਰਖਣ ਵਾਲੀ ਹੈ ਕਿ ਲਿਪੀ ਚਿੰਨ੍ਹ ਦਾ ਰੂਪ ਟਾਈਪ ਦੇ ਪ੍ਰਕਾਰ, ਦੁਆਰਾ ਨਿਸਚਿਤ ਕਈ ਇਕ ਲਿਪੀ ਲੱਛਣਾਂ ਤੇ ਨਿਰਭਰ ਹੈ, ਜਿਵੇਂ : (੧) ਵਰਣਮਾਲਾ ਦੀ ਕਿਸਮ, (੨) ਸੈੱਟ ਦਾ ਰੂਪ, (੩) ਰੂਪ ਤੇ ਠੱਪੇ ਦੇ ਪਖੋਂ ਸੈੱਟ ਵਿਚ ਟਾਈਪ ਦਾ ਖ਼ਾਸਾ (ਰੋਮਨ, ਇਟੈਲਿਕ, ਲਾਈਟ-ਫ਼ੇਸ, ਕਲੈਰਨਡਨ, ਬੋਲਡ ਫੇਸ), (੪) ਟਾਈਪ ਦਾ ਆਕਾਰ (ਪੁਆਇੰਟ), (੫) ਪੁਆਇੰਟ ਵਿਚ ਟਾਈਪ ਦਾ ਆਕਾਰ ਤੇ ਰੂਪ (ਲੋਅਰ ਕੇਸ, ਅਪਰ ਕੇਸ, ਵੱਡੇ) ।

ਕੇਵਲ ਇਕੱਲੇ ਇਕੱਲੇ ਅੱਖਰ ਹੀ ਨਹੀਂ ਸਗੋਂ ਅੱਖਰਾਂ ਦੇ ਗਰੁਪ (ਸਵਰ ਤੇ ਵਿਅੰਜਨ, ਬੇ-ਆਵਾਜ਼ੇ ਤੇ ਆਵਾਜ਼ ਵਾਲੀਆਂ ਧੁਨੀਆਂ) ਵੀ ਵਖ ਵਖ ਹੋਣੇ ਚਾਹੀਦੇ ਹਨ ।

ਸੋਵੀਅਤ ਯੂਨੀਅਨ ਵਿਚ ਵਿਕਸਤ ਨਵੀਆਂ ਵਰਣਮਾਲਾਵਾਂ ਦਾ ਸਰਬ-ਪੱਖੀ ਭਾਸ਼ਾਈ, ਮਨੋਵਿਗਿਆਨਕ, ਵਿਦਿਅਕ ਤੇ ਲਿਪੀ-ਵਿਗਿਆਨਕ ਵਿਸ਼ਲੇਸ਼ਣ ਕੀਤਾ ਗਿਆ ਸੀ । ਇਹ ਕੰਮ ਕੁਲ-ਯੂਨੀਅਨ ਨਵੀਂ ਵਰਣਮਾਲਾ ਕਮੇਟੀ ਵਲੋਂ ਕਾਇਮ ਪੁਸਤਕ ਤੇ ਨਵੇਂ ਵਰਣਮਾਲਾ ਡੀਜ਼ਾਈਨ ਬਾਰੇ ਟੈਕਨਾਲੋਜੀਕਲ ਕਮਿਸ਼ਨ ਨੇ ਕੀਤਾ । ਮਨੋਵਿਗਿਆਨ ਦੇ ਇੰਸਟੀਚਿਊਟ ਵਿਚ ਵੀ ਇਹਨਾਂ ਤੇ ਵਿਚਾਰ ਹੋਈ ।

ਭਾਸ਼ਾ ਵਿਗਿਆਨੀਆਂ ਨੇ ਧੁਨੀਆਤਮਕ ਤੱਤ ਦੀ ਦ੍ਰਿਸ਼ਟੀ ਤੋਂ ਵਰਣਮਾਲਾਵਾਂ ਦੇ ਲਿਪੀ ਸੰਬੰਧੀ ਲੱਛਣਾਂ ਤੇ ਵਿਚਾਰ ਕੀਤਾ ।

Sri Satguru Jagjit Singh Ji Elibrary NamdhariElibrary@gmail.com

ਮਨੋਵਿਗਿਆਨੀਆਂ ਤੇ ਅਧਿਆਪਕਾਂ ਨੇ ਲਿਖਣ ਦੇ ਸਾਧਨਾਂ ਤੇ ਪਰਤੱਖਣ ਦੇ ਸਾਧਨਾਂ ਵਜੋਂ ਉਹਨਾਂ ਦਾ ਵਿਸ਼ਲੇਸ਼ਣ ਕੀਤਾ।

ਜਿਸ ਨੁਕਤੇ ਤੇ ਵਿਸ਼ਾਲ ਬਹਿਸ ਹੋਈ ਉਹ ਸੀ ਕਿ **ਇਕ ਵਰਣ-ਮਾਲਾ ਭਾਸ਼ਾ ਦੇ ਧੁਨੀਆਤਮਕ ਤੱਤ ਦੀ ਵਰਤੋਂ ਹੋਣੀ ਚਾਹੀਦੀ ਹੈ?** ਕੰਮ ਚਲਾਉਣ ਲਈ ਲੋੜੀਂਦੇ ਚੋਖੇ ਲਿਪੀ ਚਿੰਨ੍ਹ ਹੋਣੇ ਚਾਹੀਦੇ ਹਨ। ਵਖ ਵਖ ਤਰ੍ਹਾਂ ਦੀਆਂ ਆਵਾਜ਼ਾਂ ਦੇ ਪ੍ਰਗਟਾਅ ਲਈ ਇਕੋ ਜਿਹੇ ਅੱਖਰ (ਲਿਪੀ ਇਕਸਾਰਤਾ) ਨਹੀਂ ਹੋਣੇ ਚਾਹੀਦੇ, ਨਾ ਹੀ ਸਮ-ਧਾਤੂ ਆਵਾਜ਼ਾਂ ਜਿਵੇਂ ਜੁੜਤ ਧੁਨੀਆਂ (ਲਿਪੀ ਸਮਾਨਤਾ) ਲਈ ਵਖ ਵਖ ਚਿੰਨ੍ਹ ਹੋਣੇ ਚਾਹੀਦੇ-ਹਨ। ਇਸ ਨੇਮ ਨੂੰ ਨਾ ਪਾਲਣਾ ਭਾਸ਼ਾ ਦੇ ਧੁਨੀਆਤਮਕ ਤੱਤ ਦੀ ਲਿਪੀ ਪ੍ਰਤੀਨਿਧਤਾ ਦੇ ਮੁਖ ਮਨੋਵਿਗਿਆਨਕ ਨੇਮ ਦਾ ਉਲੰਘਣ ਕਰਨਾ ਹੈ ਜਿਸ ਦੁਆਰਾ ਇਕੋ ਜਿਹੇ ਚਿੰਨ੍ਹ ਮਿਲਦੀਆਂ ਧੁਨੀਆਂ ਨੂੰ ਇਕੋ ਸਮਝਣ ਦਾ ਕਾਰਨ ਬਣਦੇ ਹਨ, ਅਤੇ, ਇਸ ਦੇ ਉਲਟ, ਇਕੋ (ਸਮ-ਧਾਤੂ) ਧੁਨੀਆਂ ਨੂੰ ਇਕੋ ਨਹੀਂ ਸਮਝਿਆ ਜਾਂਦਾ ਜੇ ਵਖ ਵਖ ਚਿੰਨ੍ਹਾਂ ਰਾਹੀਂ ਪ੍ਰਗਟਾਈਆਂ ਜਾਣ।

ਇਕ ਭਾਸ਼ਾਂ ਦੀ ਭਾਸ਼ਾਈ, ਅਤੇ ਸਭ ਤੋਂ ਪਹਿਲਾਂ ਧੁਨੀ-ਵਿਗਿਆਨਕ ਨੇਮਾਵਲੀ ਨੂੰ ਢੁਕਵੀਂ ਬਾਕਾਇਦਾ ਪ੍ਰਕਿਰਤੀ ਵਾਲੀ ਲਿਪੀ-ਪ੍ਰਤੀਨਿਧਤਾ ਮਿਲਣੀ ਚਾਹੀਦੀ ਹੈ। ਮਿਸਾਲ ਲਈ, ਹਰਸਵ, ਸਵੱਰ, ਵਿਅੰਜਨ ਆਦਿ ਲਈ ਢੁਕਵੇਂ ਲਗਮਾਤਰ ਹੋਣੇ ਚਾਹੀਦੇ ਹਨ।

ਦੁਤ-ਅੱਖਰਾਂ, ਆਦਿ, ਤੋਂ ਬਚਣਾ ਚਾਹੀਦਾ ਹੈ। ਵਰਣਮਾਲਾ ਦੀ ਹਰ ਇਕੱਲੀ ਗੁਣਾਤਮਕ ਇਕਾਈ ਇਕੋ ਅੱਖਰ ਦੁਆਰਾ ਪਰਗਟ

Sri Satguru Jagjit Singh Ji Elibrary NamdhariElibrary@gmail.com

ਹੋਣੀ ਚਾਹੀਦੀ ਹੈ ।

ਆਮ ਵਰਤੀਂਦੀਆਂ ਧੁਨੀਆਂ ਲਈ ਸਰਲ ਅੱਖਰ ਹੋਣੇ ਚਾਹੀਦੇ ਹਨ ਅਤੇ ਉਹਨਾਂ ਧੁਨੀਆਂ ਲਈ, ਜੋ ਬਹੁਤ ਘਟ ਵਰਤੀਂਦੀਆਂ ਹਨ, ਜਟਿਲ ਅੱਖਰ ਹੋ ਸਕਦੇ ਹਨ ।

ਨਵੀਆਂ ਵਰਣਮਾਲਾਵਾਂ ਦੇ ਲਿਪੀ-ਰੂਪ ਦੀਆਂ ਭਾਸ਼ਾਈ ਲੋੜਾਂ ਨੂੰ ਹਰ ਭਾਸ਼ਾ ਦੇ ਪਖੋਂ ਹੋਰ ਅਗੋਂ ਵਿਆਖਿਆਇਆ ਗਿਆ ।

ਇਸ ਤੋਂ ਬਿਨਾਂ, ਜਿਵੇਂ ਕਿ ਪਹਿਲਾਂ ਦਸਿਆ ਗਿਆ ਹੈ, ਵਰਣ-ਮਾਲਾਵਾਂ ਦਾ ਮਨੋਵਿਗਿਆਨਕ ਤੇ ਵਿਦਿਅਕ ਦ੍ਰਿਸ਼ਟੀ ਤੋਂ ਨਿਰੀਖਣ ਕੀਤਾ ਗਿਆ ।

ਇਕੱਲੇ ਅੱਖਰਾਂ ਜਾਂ ਅੱਖਰਾਂ ਦੇ ਗਰੁੱਪਾਂ ਨੂੰ ਸੌਖ ਤੇ ਰਵਾਨੀ ਨਾਲ ਲਿਖੇ ਜਾਣ ਦੀ ਗੱਲ ਲਿਖਤ ਦੀ ਸੰਜੋਗਾਤਮਕਤਾ ਤੇ ਨਿਰਭਰ ਹੈ। ਪੜ੍ਹਾਈ ਦੇ ਮਨੋਰਥਾਂ ਲਈ ਇਸ ਗੱਲ ਦੀ ਵਿਸ਼ੇਸ਼ ਮਹੱਤਤਾ ਹੈ ।

ਸੰਜੋਗਾਤਮਕਤਾ ਦਾ ਨਿਰਭਰ ਇਸ ਗੱਲ ਤੇ ਹੈ ਕਿ ਕਲਮ ਨੂੰ ਕਿੰਨੀਆਂ ਜੁੰਬਸ਼ਾਂ ਦੇਣੀਆਂ ਹਨ ਤੇ ਲਿਖਾਈ ਕਿੰਨੀ ਵਾਰ ਤੋੜਨੀ ਪੈਂਦੀ ਹੈ, ਕਲਮ ਦਾ ਰੁਖ਼ ਕਿਧਰ ਹੈ, ਅਤੇ ਕਿੰਨੀ ਵਾਰ ਲਾਈਨ ਤੋਂ ਹੇਠਾਂ ਉਤੇ ਹੁੰਦੀ ਹੈ ਅੱਖਰ ਇਕ ਦੂਜੇ ਨਾਲ ਕਿੰਨੀ ਸੌਖੀ ਤਰ੍ਹਾਂ ਜੁੜਦੇ ਜਾਂਦੇ ਹਨ।

ਨਵੀਆਂ ਵਰਣਮਾਲਾਵਾਂ ਤੋਂ ਲਿਪੀ-ਵਿਗਿਆਨਕ ਤੇ ਟਾਈਪ ਸਬੰਧੀ ਮੰਗਾਂ ਉਤੇ ਵਿਸ਼ਾਲ ਬਹਿਸ ਹੋਈ ਅਤੇ ਫ਼ੈਸਲੇ ਇਸ ਤੇ ਨਿਰਭਰ ਹੋ ਕੇ ਲਏ ਗਏ ਕਿ ਵਰਣਮਾਲਾ ਨੂੰ ਲਾਤੀਨੀ ਲਿਪੀ-ਵਿਗਿਆਨ ਅਨੁਸਾਰ ਢਾਲਿਆ ਜਾਏ ਜਾਂ ਰੂਸੀ ਲਿਪੀ ਵਿਗਿਆਨ ਅਨੁਸਾਰ। ਪਰੰਤੂ, ਆਮ ਲੋੜ ਇਹ ਹੈ ਕਿ ਹਰ ਅੱਖਰ ਦੀ ਰੂਪ ਰੇਖਾ

Sri Satguru Jagjit Singh Ji Elibrary NamdhariElibrary@gmail.com

ਸਰਲ ਤੇ ਦੂਜੇ ਕਿਸੇ ਅੱਖਰ ਨਾਲੋਂ ਸਪੱਸ਼ਟ ਰੂਪ ਵਿਚ ਵੱਖਰੀ ਹੋਵੇ। ਇਹ ਵੀ ਜ਼ਰੂਰੀ ਹੈ ਕਿ ਵਖ ਵਖ ਅੱਖਰਾਂ ਤੇ ਉਹਨਾਂ ਵਿਚਲੇ ਸਟਰੋਕਾਂ ਨੂੰ ਗ਼ੈਰ-ਜ਼ਰੂਰੀ ਤੌਰ ਤੇ ਛੋਟਾ ਨਾ ਕੀਤਾ ਨਾ ਜਾਏ।

ਸਭ ਅੱਖਰ ਅਜਿਹੇ ਹੋਣੇ ਚਾਹੀਦੇ ਹਨ ਕਿ ਉਹ ਚੰਗੀ ਤਰ੍ਹਾਂ ਇਕ ਦੂਜੇ ਨਾਲ ਜੁੜ ਸਕਣ ਅਤੇ ਟਾਈਪ ਦੀ ਸ਼ੈਲੀ ਸਾਰੀ ਵਰਣਮਾਲਾ ਵਿਚ ਇਕਸਾਰ ਹੋਣੀ ਚਾਹੀਦੀ ਹੈ।

ਇਹਨਾਂ ਤੇ ਹੋਰ ਨੁਕਤਿਆਂ ਦੀ ਬੇਹੱਦ ਵਿਆਖਿਆ ਦਾ ਸਿੱਟਾ ਇਹ ਨਿਕਲਿਆ ਕਿ ਅਣਗਿਣਤ ਵਰਣਮਾਲਾਵਾਂ ਦਾ ਵਿਕਾਸ ਹੋਇਆ ਜੋ ਸਮਕਾਲੀ ਵਿਗਿਆਨ ਦੀਆਂ ਮੁਖ ਲੋੜਾਂ ਦੇ ਪੂਰੀ ਤਰ੍ਹਾਂ ਅਨੁਕੂਲ ਹਨ।

ਫੇਰ ਵੀ, ਉਹਨਾਂ ਭਾਸ਼ਾਵਾਂ ਦੀਆਂ ਅਜੋਕੀਆਂ ਵਰਣਮਾਲਾਵਾਂ, ਜਿਨ੍ਹਾਂ ਵਿਚ ਲਿਖਣਾ ਹਾਲ ਵਿਚ ਹੀ ਅਰੰਭ ਹੋਇਆ ਹੈ, ਤਰੁਟੀਆਂ ਤੋਂ ਸਖਣੀਆਂ ਨਹੀਂ, ਜਿਨ੍ਹਾਂ ਵਿਚੋਂ ਕੁਝ ਇਸ ਪਰਕਾਰ ਹਨ :

ਇਕ ਧੁਨੀ ਦਾ ਅੱਖਰਾਂ ਦੇ ਸੰਜੋਗ ਦੁਆਰਾ ਪਰਗਟਾਅ (ਕੁਝ ਕਾਕੇਸ਼ੀਆਈ ਭਾਸ਼ਾਵਾਂ ਵਿਚ);

ਇਕੋ ਅੱਖਰ ਦੁਆਰਾ ਦੋ ਜਾਂ ਤਿੰਨ ਵਖ ਵਖ ਧੁਨੀਆਂ ਦਾ ਪਰਗਟਾਅ;

ਵੱਖਰੀ ਲਿਪੀ ਪ੍ਰਣਾਲੀ ਨਾਲ ਸੰਬੰਧਤ ਅੱਖਰਾਂ ਦੀ ਸ਼ਮੂਲੀਅਤ (ਰੂਸੀ ਲਿਪੀ ਤੇ ਆਧਾਰਤ ਵਰਣਮਾਲਾਵਾਂ ਵਿਚ ਲਾਤੀਨੀ ਅੱਖਰਾਂ ਦੀ ਵਰਤੋਂ);

ਸਾਂਝੀ ਟਾਈਪ ਤੇ ਸੁਮੇਲ ਧੁਨੀਆਂ ਮਿਥਣ ਵਿਚ ਇਕਰੂਪਤਾ ਦੀ

Sri Satguru Jagjit Singh Ji Elibrary NamdhariElibrary@gmail.com

ਘਾਟ, ਸਜਾਤੀ ਭਾਸ਼ਾਵਾਂ ਦੇ ਸੰਬੰਧ ਵਿਚ ਖ਼ਾਸ ਕਰ ਕੇ ਇਤਰਾਜ਼-ਯੋਗ ਗੱਲ ;

ਵਖ ਵਖ ਵਰਣਮਾਲਵਾਂ ਵਿਚ (ਤੁਰਕੀ ਭਾਸ਼ਾਵਾਂ ਦੀਆਂ) ਮਿਲਦੇ ਅੱਖਰਾਂ ਦੀ ਲਿਪੀ ਇਕਰੂਪਤਾ ਦੀ ਘਾਟ ;

ਕੁਝ ਅੱਖਰਾਂ ਦਾ ਨਾ-ਕਾਫ਼ੀ ਵਿਅਕਤੀਕਰਨ (ਕਾਕੇਸ਼ੀਅਨ ਤੇ ਫਿਨੋ-ਯੂਗਰਿਕ ਭਾਸ਼ਾਵਾਂ ਦੇ ।

ਇਸ ਵੇਲੇ, ਕਈ ਇਕ ਨਵੀਆਂ ਵਰਣਮਾਲਾਵਾਂ ਸੁਧਾਰ ਦੇ ਅਮਲ ਵਿਚੋਂ ਲੰਘ ਰਹੀਆਂ ਹਨ ।

Sri Satguru Jagjit Singh Ji Elibrary NamdhariElibrary@gmail.com

ਵਰਣਮਾਲਾਵਾਂ ਤੇ ਵਰਣ-ਬੋਧ

ਪੁਰਾਣੀਆਂ ਲਿਖਤੀ ਭਾਸ਼ਾਵਾਂ, ਜਿਵੇਂ ਅੰਗਰੇਜ਼ੀ, ਫ਼ਰਾਂਸੀਸੀ, ਜਰਮਨ, ਰੂਸੀ, ਆਦਿ, ਦਾ ਵਿਗਿਆਨਕ ਤੌਰ ਤੇ ਸਿਧ ਵਰਣਬੋਧ ਇਹਨਾਂ ਦੀਆਂ ਲਿਪੀਆਂ ਦੇ ਰੂਪ ਧਾਰਨ ਕਰ ਲੈਣ ਤੋਂ ਢੇਰ ਮਗਰੋਂ ਸਥਾਪਤ ਹੋਇਆ ਸੀ। ਫਲ ਸਰੂਪ ਇਹਨਾਂ ਦੀਆਂ ਵਰਣਮਾਲਾਵਾਂ ਵਰਣਬੋਧ ਵਲ ਚੋਖਾ ਧਿਆਨ ਦਿਤੇ ਬਿਨਾਂ ਹੀ ਵਿਉਂਤੀਆਂ ਗਈਆਂ ਸਨ ਅਤੇ ਨਾ ਹੀ, ਜਦੋਂ ਸਦੀਆਂ ਮਗਰੋਂ ਵਰਣਬੋਧ ਦੇ ਨੇਮ ਘੜੇ ਗਏ, ਵਰਣਮਾਲਾਵਾਂ ਦੇ ਗੁਣਾਂ ਔਗੁਣਾਂ ਵਲ ਚੋਖਾ ਧਿਆਨ ਦਿਤਾ ਗਿਆ ਸੀ। ਇਸੇ ਹੀ ਕਾਰਨ ਮੁੜ ਮੁੜ ਇਸ ਗੱਲ ਦੀ ਲੋੜ ਪਈ ਕਿ ਇਹਨਾਂ ਨੂੰ ਵਰਣਬੋਧ ਦੇ ਨੇਮਾਂ ਦੇ ਵਧੇਰੇ ਅਨੁਕੂਲ ਬਣਾਉਣ ਲਈ ਲਿਪੀ-ਪ੍ਰਬੰਧ ਵਿਚ ਸੁਧਾਈਆਂ ਕੀਤੀਆਂ ਜਾਣ।

ਇਸੇ ਹੀ ਕਾਰਨ ਰੂਸੀ ਲਿਪੀ ਵਿਚ ਕਈ ਵਡੇ ਵਰਣਮਾਲਾਈ ਸੁਧਾਰ ਕੀਤੇ ਗਏ। ਇਹ ਸੁਧਾਰ ਪੀਟਰ ਪਹਿਲੇ ਵੇਲੇ ੧੭੦੮–੧੭੧੦ ਵਿਚ, ਫੇਰ ਰੂਸੀ ਵਿਗਿਆਨ ਅਕਾਦਮੀ ਵਲੋਂ ੧੭੩੫ ਤੇ ੧੭੫੮ ਵਿਚ; ਅਤੇ ੧੯੧੭–੧੯੧੮ ਵਿਚ ਸੋਵੀਅਤ ਸੁਧਾਰ ਹੋਏ।

Sri Satguru Jagjit Singh Ji Elibrary NamdhariElibrary@gmail.com

ਇਹ ਤਬਦੀਲੀਆਂ ਮੁਖ ਕਰ ਕੇ ਭਾਸ਼ਾ ਤੇ ਸਮਾਜ ਦੇ ਇਤਿਹਾਸਕ ਵਿਕਾਸ ਕਾਰਨ ਹੋਈਆਂ। ਇਸ ਦੇ ਨਾਲ ਹੀ ਸੁਧਾਰਾਂ ਵੇਲੇ ਵਰਣਮਾਲਾ ਤੇ ਵਰਣਬੋਧ ਵਿਚਲੇ ਪ੍ਰਸਪਰ ਸੰਬੰਧਾਂ ਨੂੰ ਧਿਆਨ ਵਿਚ ਰਖਿਆ ਗਿਆ।

ਵਰਣਬੋਧ ਦੇ ਮੌਜੂਦ ਇਤਿਹਾਸਕ, ਰੂਪ-ਵਿਚਾਰਕ ਤੇ ਧੁਨੀ-ਵਿਗਿਆਨਕ ਅਸੂਲ ਮੁਖ ਕਰ ਕੇ ਭਾਸ਼ਾ ਦੇ ਵਿਕਾਸ ਤੋਂ ਪੈਦਾ ਹੁੰਦੇ ਹਨ, ਜਿਸ ਵਿਚ ਉਚਾਰਨ ਬਦਲ ਜਾਂਦੇ ਹਨ ਅਤੇ ਭਾਸ਼ਾ ਦੇ ਢਾਂਚੇ ਵਿਚ ਨਵੇਂ ਵਰਤਾਰੇ ਉਤਪਨ ਹੋ ਪੈਂਦੇ ਹਨ। ਇਹਨਾਂ ਤਬਦੀਲੀਆਂ ਦੇ ਬਾਵਜੂਦ, ਅਸੀਂ ਸ਼ਬਦਾਂ ਦੇ ਪੁਰਾਣੇ ਅੱਖਰ-ਜੋੜ ਹੀ ਕਰਦੇ ਰਹਿੰਦੇ ਹਾਂ। ਮਿਸਾਲ ਲਈ, ਅਸੀਂ ਮੋਸਕਵਾ (Moskva) ਲਿਖਦੇ ਹਾਂ ਜਿਵੇਂ ਕਿ ਰੂਸੀ ਵਰਣਬੋਧ ਦੇ ਇਤਿਹਾਸਕ ਅਸੂਲ ਦੀ ਮੰਗ ਹੈ, ਬੋਲਦੇ ਭਾਵੇਂ ਮਾਸਕਵਾ (Maskva) ਹਾਂ; ਅਤੇ ਅਸੀਂ ਸਲੋਵਾ (ਸ਼ਬਦ) ਲਿਖਦੇ ਹਾਂ ਕਿਉਂਕਿ ਇਹ ਰੂਸੀ ਵਰਣਬੋਧ ਦੇ ਰੂਪ-ਵਿਗਿਆਨਕ ਅਸੂਲ ਦੀ ਮੰਗ ਹੈ ਉਚਾਰਦੇ ਭਾਵੇਂ ਸਲਾਵਾ ਹਾਂ। ਇਸੇ ਤਰ੍ਹਾਂ ਕਈ ਹੋਰ ਮਿਸਾਲਾਂ ਹਨ।

ਇਹ ਮੰਨਣਾ ਪੈਂਦਾ ਹੈ ਕਿ ਵਰਣਬੋਧ ਦੇ ਧੁਨੀ-ਵਿਗਿਆਨਕ, ਰੂਪ-ਵਿਗਿਆਨਕ ਤੇ ਇਤਿਹਾਸਕ ਅਸੂਲਾਂ ਦਾ ਸੰਜੋਗ ਸਾਹਿੱਤਕ ਭਾਸ਼ਾ ਦੀ ਲਿਖਾਈ ਪੜ੍ਹਾਈ ਦੇ ਅਮਲ ਨੂੰ ਵਧੇਰੇ ਕਠਨ ਬਣਾ ਦੇਂਦਾ ਹੈ। ਮਿਸਾਲ ਲਈ, ਫ਼ਰਾਂਸੀਸੀ ਤੇ ਅੰਗਰੇਜ਼ੀ ਵਿਚ ਇਹ ਹੋਰ ਵੀ ਕਠਨ ਹੈ। ਅੰਗਰੇਜ਼ੀ ਦੇ ਆਧੁਨਿਕ ਉਚਾਰਨ ਅਤੇ ਰਵਾਇਤੀ ਅੱਖਰ-ਜੋੜਾਂ ਵਿਚ ਅੰਤਰ ਸਭ ਨੂੰ ਪਰਤੱਖ ਹੈ।

Sri Satguru Jagjit Singh Ji Elibrary NamdhariElibrary@gmail.com

ਸੋਵੀਅਤ ਭਾਸ਼ਾ ਵਿਗਿਆਨੀਆਂ ਵਲੋਂ ਨੇਪਰੇ ਚਾੜ੍ਹੇ ਗਏ ਕੰਮ ਦਾ ਵਡਾ ਗੁਣ ਖ਼ੁਦ ਨਵੀਆਂ ਵਰਣਮਾਲਾਵਾਂ ਦੇ ਨਾਲ ਹੀ ਵਰਣਬੋਧ ਦੇ ਨੇਮਾਂ ਦਾ ਵਿਕਾਸ ਸੀ। ਇਸ ਪ੍ਰਕਾਰ ਉਹਨਾਂ ਦੀ ਆਤਮ ਨਿਰਭਰਤਾ ਉਤੇ ਅਤੇ ਦੋਹਾਂ ਨੂੰ ਜੀਉਂਦੀ ਭਾਸ਼ਾ ਦੇ ਉਚਾਰਨ ਅਸੂਲਾਂ ਦੇ ਅਨੁਕੂਲ ਬਣਾਉਣ ਦੀ ਲੋੜ ਉਤੇ ਪੂਰਾ ਧਿਆਨ ਦਿਤਾ ਜਾ ਸਕਦਾ ਸੀ।

ਦੋ ਧਾਰਾਵਾਂ ਵਿਚ ਇਕ ਸਮੇਂ ਅਜਿਹੇ ਕੰਮ ਲਈ ਚੋਖੀ ਤਿਆਰੀ ਦੀ ਲੋੜ ਸੀ। ਪ੍ਰਾਪਤ ਸਿੱਟੇ ਬੇਹੱਦ ਸੰਤੋਖਜਨਕ ਸਨ, ਕਿਉਂਕਿ ਵਰਣਮਾਲਾਵਾਂ ਵਰਣਬੋਧ ਦੇ ਨੇਮ, ਤੇ ਉਹਨਾਂ ਦੇ ਪ੍ਰਸਪਰ ਸੰਬੰਧਾਂ ਵਲ ਪੂਰਾ ਧਿਆਨ ਦੇ ਕੇ ਤਿਆਰ ਕੀਤੇ ਜਾਣ, ਪਰੀਪੂਰਨ ਹੋਣ ਦੀ ਵਧੇਰੇ ਸੰਭਾਵਨਾ ਰਖਦੇ ਹਨ।

ਵਰਣਬੋਧ ਦਾ ਪੂਰਬ-ਗਿਆਨ ਘਟ ਵਰਤੋਂ ਦੀਆਂ ਧੁਨੀਆਂ ਲਈ ਵਿਸ਼ੇਸ਼ ਅੱਖਰਾਂ ਦੇ ਵਾਧੂ ਭਾਰ ਤੋਂ ਵਰਣਮਾਲਾ ਨੂੰ ਬਚਾਉਣਾ ਸੰਭਵ ਬਣਾਉਂਦਾ ਹੈ। ਮਿਸਾਲ ਲਈ, ਅਵਾਰ ਦੀ ਵਿਰਲੇ ਟਾਵੇਂ ਟੇਢੀ ਧੁਨੀ ਲਈ ਵਿਸ਼ੇਸ਼ ਅੱਖਰ ਕੋਈ ਨਹੀਂ। ਸਗੋਂ, ਉਹਨਾਂ ਸ਼ਬਦਾਂ ਦੇ, ਜਿਨ੍ਹਾਂ ਵਿਚ ਇਹ ਧੁਨੀ ਆਉਂਦੀ ਸੀ ਜੋੜ ਕਰਨ ਦਾ ਇਕ ਗੁਰ ਬਣਾਇਆ ਗਿਆ।

ਵਰਣਮਾਲਾ ਦੇ ਰਚਤਿਆਂ ਨੇ ਵਰਣਬੋਧ ਦੀ ਵਰਤੋਂ, ਆਪਣੇ ਮਨੋਰਥਾਂ ਲਈ, ਵਖ ਵਖ ਤਰ੍ਹਾਂ ਕੀਤੀ ਹੈ। ਮਿਸਾਲ ਲਈ, ਲੇਜ਼ਗਿਨ ਵਰਣਮਾਲਾ ਵਿਚ ਹੋਠੀ ਧੁਨੀਆਂ ਲਈ ਕੋਈ ਵਿਸ਼ੇਸ਼ ਅੱਖਰ ਨਹੀਂ, ਪਰ ਵਰਣਬੋਧ ਦੇ ਕੁਝ ਨੇਮਾਂ ਵਿਚ ਉਹਨਾਂ ਦਾ ਧਿਆਨ ਰਖਿਆ ਗਿਆ

Sri Satguru Jagjit Singh Ji Elibrary NamdhariElibrary@gmail.com

ਹੈ। ਸਿੱਟੇ ਵਜੋਂ, ਵਰਣਮਾਲਾ ਵਿਚ ਵਿਸ਼ੇਸ਼ ਅੱਖਰਾਂ ਦੁਆਰਾ ਪ੍ਰਤੀਨਿਧ ਹੁੰਦੀਆਂ ਧੁਨੀਆਂ ਦੀ ਗਿਣਤੀ ਘਟ ਗਈ ਸੀ। ਇਸ ਦੇ ਉਲਟ, ਕਾਬਾਰਦੀਨੋ-ਚੇਰਕੇਸ ਅਤੇ ਅਦੇਗੇਈ ਵਰਣਮਾਲਾਵਾਂ ਵਿਚ ਹੋਰ ਧੁਨੀਆਂ ਦੇ ਪ੍ਰਗਟਾਅ ਲਈ ਅਣ-ਹੋਠੀ ਵਿਅੰਜਨਾਂ ਨਾਲ "B" ਅੱਖਰ ਵਾਧੂ ਲਾਇਆ ਗਿਆ।

ਉਦਾਹਰਣਾਂ ਤੋਂ ਪਤਾ ਲਗਦਾ ਹੈ ਕਿ ਵਰਣਬੋਧ ਦੇ ਨੇਮ ਤਿਆਰ ਕਰਦੇ ਸਮੇਂ ਵਰਣਮਾਲਾ ਦੇ ਵਿਸ਼ੇਸ਼ ਲੱਛਣਾਂ ਨੂੰ ਧਿਆਨ ਵਿਚ ਰਖਿਆ ਗਿਆ ਹੈ। ਜੇ ਕਿਸੇ ਵਰਣਮਾਲਾ ਵਿਚ ਇਕ ਧੁਨੀ ਲਈ ਇਕ ਵਿਸ਼ੇਸ਼ ਅੱਖਰ ਹੈ, ਤਾਂ ਵਰਣਬੋਧ ਦੇ ਵਿਸ਼ੇਸ਼ ਨੇਮਾਂ ਦੀ ਲੋੜ ਨਹੀਂ। ਪਰ ਜੇ ਇਕ ਧੁਨੀ ਲਈ ਅਜਿਹਾ ਕੋਈ ਅੱਖਰ ਨਹੀਂ ਹੈ, ਤਾਂ ਵਰਣਬੋਧ ਦੇ ਨੇਮ ਦੀ ਲੋੜ ਹੈ।

ਜੀਊਂਦੀ ਭਾਸ਼ਾ, ਭਾਵ ਬੁਨਿਆਦੀ ਉਪ-ਭਾਖਾ, ਦੇ ਉਚਾਰਨ ਤੇ ਆਧਾਰਤ ਵਰਣਬੋਧ ਦੇ ਨੇਮ ਤੇ ਵਰਣਮਾਲਾ ਦੀ ਰਚਨਾ ਵਰਣਮਾਲਾ ਦੇ ਵਿਉਂਤਣ ਦੇ ਕੰਮ ਨੂੰ ਸੌਖਾ ਬਣਾਉਂਦੀ ਹੈ ਕਿਉਂਕਿ ਇਸ ਤਰ੍ਹਾਂ ਉਹਨਾਂ ਧੁਨੀਆਂ ਦੀ ਪ੍ਰਤੀਨਿਧਤਾ ਦੀ ਲੋੜ ਨਹੀਂ ਰਹਿੰਦੀ, ਜੋ ਭਾਸ਼ਾ ਦੀਆਂ ਦੂਜੀਆਂ ਉਪ-ਭਾਖਾਵਾਂ ਵਿਚ ਆਉਂਦੀਆਂ ਹਨ ਅਤੇ ਨਾ ਹੀ ਉਹਨਾਂ ਦੇ ਉਚਾਰਨ ਨੇਮਾਂ ਨੂੰ ਧਿਆਨ ਵਿਚ ਰਖਣਾ ਪੈਂਦਾ ਹੈ।

ਇਸ ਦੇ ਨਾਲ ਹੀ ਬੁਨਿਆਦੀ ਉਪ-ਭਾਖਾ ਦੇ ਉਚਾਰਨ ਅਸੂਲ ਵਰਣਬੋਧ ਦੀਆਂ ਮੁਖ ਧਾਰਾਵਾਂ ਦੀ ਸਥਾਪਤੀ ਲਈ ਬੁਨਿਆਦੀ ਚੀਜ਼ ਹਨ। ਇਹ ਗੱਲ ਪਰਤੱਖ ਹੈ ਕਿ ਜੀਊਂਦੇ ਉਚਾਰਨ ਵਾਲੀ ਆਧੁਨਿਕ ਸਥਾਨਕ ਉਪ-ਬੋਲੀ ਤੇ ਆਧਾਰਤ ਸਾਹਿੱਤਕ ਭਾਸ਼ਾ ਦੇ ਵਰਣਬੋਧ ਦਾ

Sri Satguru Jagjit Singh Ji Elibrary NamdhariElibrary@gmail.com

ਆਧਾਰ, ਸਭ ਤੋਂ ਪਹਿਲਾਂ, ਧੁਨੀ-ਵਿਗਿਆਨਕ ਅਸੂਲ ਅਤੇ ਉਸ ਤੋਂ ਪਿਛੋਂ ਰੂਪ-ਵਿਗਿਆਨਕ ਅਸੂਲ ਹੋਣਾ ਚਾਹੀਦਾ ਹੈ।

ਧੁਨੀ-ਵਿਗਿਆਨਕ ਅਸੂਲ ਦੀ ਲੋੜ ਹੈ ਕਿ ਉਚਾਰਨ ਧੁਨੀਆਂ ਲਿਖਤ ਵਿਚ ਠੀਕ ਠੀਕ ਪੇਸ਼ ਹੋਣ। ਪਰ ਜੇ ਅਸੀਂ ਹਰ ਧੁਨੀ-ਵਿਗਿਆਨਕ ਵਿਸ਼ੇਸ਼ਤਾਂ ਨੂੰ, ਜਿਹੜੀ ਦਬਾਅ, ਸੰਜੋਗ ਤੇ ਸਥਿਤੀ ਵਿਚ ਤਬਦੀਲੀ ਕਾਰਨ ਪੈਦਾ ਹੁੰਦੀ ਹੈ, ਕਾਗ਼ਜ਼ ਉਤੇ ਪ੍ਰਗਟ ਕਰਨ ਦਾ ਜਤਨ ਕਰਾਂਗੇ, ਤਾਂ ਵਰਣਮਾਲਾ ਬਹੁਤ ਵਧੇਰੇ ਜਟਿਲ ਹੋ ਜਾਏਗੀ ਅਤੇ ਸ਼ਬਦਾਂ ਦਾ ਰੂਪ-ਵਿਗਿਆਨਕ ਵਿਸ਼ਲੇਸ਼ਣ ਵੀ ਵਧੇਰੇ ਕਠਨ ਹੋ ਜਾਏਗਾ। ਹਰ ਸ਼ਬਦ ਨੂੰ. ਜਿਵੇਂ ਉਚਾਰਿਆ ਜਾਂਦਾ ਹੈ, ਲਿਖਣਾ ਅਸੰਭਵ ਹੈ।

ਇਸ ਤੋਂ ਬਿਨਾਂ, ਕੁਝ ਭਾਸ਼ਾ ਵਿਗਿਆਨੀ ਸ਼ਬਦਾਂ ਵਿਚਕਾਰ ਵਰਣਬੋਧਕ ਅੰਤਰ ਰਖਣਾ ਯੋਗ ਸਮਝਦੇ ਹਨ, ਭਾਵ, ਵਖ ਵਖ ਸ਼ਬਦਾਂ ਦੇ ਵਿਆਕਰਣਕ ਜੋੜ ਅਡੋ ਅਡ ਲਿਖੇ ਜਾਣ, ਭਾਵੇਂ ਉਹਨਾਂ ਦਾ ਉਚਾਰਨ ਇਕੋ ਜਿਹਾ ਹੋਵੇ। ਇਸ ਅਸੂਲ ਅਧੀਨ, ਸ਼ਬਦਾਂ ਦੇ ਜੋੜਾਂ ਨੂੰ ਉਸ ਵਿਆਕਰਣਕ ਵਰਗ ਅਨੁਸਾਰ (ਵਾਕ-ਅੰਗ) ਜਿਸ ਨਾਲ ਉਹ ਸੰਬੰਧਤ ਹਨ, ਇਕ-ਰੂਪ ਕੀਤਾ ਜਾਂਦਾ ਹੈ। ਮਿਸਾਲ ਵਜੋਂ, ਸਾਹਿੱਤਕ ਚੇਚੇਨ ਦੇ ਵਰਣਬੋਧ ਦੀ ਇਹ ਮੰਗ ਹੈ ਕਿ ਕਿਰਿਆਵਾਂ ਦਾ ਵਰਤਮਾਨ ਕਾਲ y (ਈ) ਨਾਲ ਸਮਾਪਤ ਹੋਵੇ, ਭਾਵੇਂ ਅਖ਼ੀਰਲੇ ਹਿੱਸੇ ਦਾ ਉਚਾਰਨ a (ਅ) ਕੀਤਾ ਜਾਂਦਾ ਹੈ। ਸੋ ਉਹ ਆਕਸੀ (Oxy) ਲਿਖਦੇ ਹਨ ਤੇ ਆਕਸਾ (Oxa) ਪੜ੍ਹਦੇ ਹਨ (ਉਹ ਹਲ ਚਲਾਉਂਦਾ ਹੈ)। ਇਹ ਕਿਰਿਆ ਰੂਪਾਂ ਨੂੰ ਲਿਖਤ ਵਿਚ ਦੂਜੇ ਵਾਕ-ਅੰਗਾਂ ਨਾਲੋਂ ਨਿਖੇੜਨ ਲਈ ਕੀਤਾ ਜਾਂਦਾ ਹੈ। ਮਿਸਾਲ ਲਈ, ਆਕਸਾ ਧੁਨੀ ਰਚਨਾ ਦਾ

Sri Satguru Jagjit Singh Ji Elibrary NamdhariElibrary@gmail.com

ਮਤਲਬ ਹੈ, "ਉਹ ਹਲ ਚਲਾਉਂਦਾ ਹੈ," ਜੇ ਇਸਨੂੰ ਆਕਸੀ ਲਿਖਿਆ ਜਾਏ, ਪਰ ਜੇ ਆਕਸਾ ਲਿਖਿਆ ਜਾਏ, ਤਾਂ ਇਸ ਦਾ ਮਤਲਬ "ਅਸੀਂ" ਹੋ ਜਾਂਦਾ ਹੈ। ਇਸ ਪ੍ਰਕਾਰ ਧੁਨੀ-ਵਿਗਿਆਨਕ ਅਤੇ ਰੂਪ-ਵਿਗਿਆਨਕ ਅਸੂਲ ਜੋੜੇ ਗਏ ਹਨ। ਹਾਲ ਵਿਚ ਹੀ ਲਿਖਤ ਵਿਚ ਆਈਆਂ ਸਭਨਾਂ ਸੋਵੀਅਤ ਭਾਸ਼ਾਵਾਂ ਦੇ ਵਰਣਬੋਧ ਦਾ ਇਹ ਵਿਸ਼ੇਸ਼ ਲੱਛਣ ਹੈ।

ਕਿਉਂਕਿ ਉਹ ਭਾਸ਼ਾਵਾਂ ਜਿਨ੍ਹਾਂ ਵਿਚ ਲਿਖਣਾ ਹਾਲ ਵਿਚ ਹੀ ਆਰੰਭ ਹੋਇਆ ਹੈ ਬਹੁਤ ਸਾਰੀਆਂ ਸਜੀਵ ਲੋੜਾਂ ਦੂਜੀਆਂ ਭਾਸ਼ਾਵਾਂ ਤੋਂ ਪੂਰੀਆਂ ਕਰਦੀਆਂ ਹਨ, ਇਸ ਲਈ ਸ਼ਬਦ ਜੋੜਾਂ ਦੇ ਨੇਮ ਇਸ ਵਿਚ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ। ਸੋਵੀਅਤ ਭਾਸ਼ਾ ਵਿਗਿਆਨੀਆਂ ਨੇ ਹਰ ਭਾਸ਼ਾ ਦੇ ਇਤਿਹਾਸ ਅਤੇ ਇਸ ਦੀ ਰਚਨਾ ਦੀਆਂ ਵਿਸ਼ੇਸ਼ ਹਾਲਤਾਂ ਨੂੰ ਧਿਆਨ ਵਿਚ ਰਖਦਿਆਂ ਇਹ ਸਮੱਸਿਆ ਹੱਲ ਕੀਤੀ ਸੀ। ਇਥੇ ਦੋ ਗੱਲਾਂ ਵਿਸ਼ੇਸ਼ ਮਹੱਤਤਾ ਵਾਲੀਆਂ ਹਨ :

੧) ਕਿ ਬਹੁਤ ਚਿਰ ਪਹਿਲੋਂ ਹੁਦਾਰੇ ਲਏ ਸ਼ਬਦਾਂ ਦੇ ਜੋੜ ਉਹਨਾਂ ਦੀ ਰਵਾਇਤੀ ਤੌਰ ਤੇ ਸਥਾਪਤ ਧੁਨੀ ਅਨੁਸਾਰ ਕੀਤੇ ਜਾਣ। ਮਿਸਾਲ ਲਸੀ, ਪੁਰਾਣੇ ਰੂਸੀ ਸ਼ਬਦ
(ਅਫ਼ਸਰ, ਜਰਨੈਲ, ਮੇਜ਼) ਉਵੇਂ ਹੀ ਲਿਖੇ ਜਾਂਦੇ ਹਨ, ਜਿਵੇਂ ਇਹ ਹਰ ਭਾਸ਼ਾ ਵਿਚ ਉਚਾਰੇ ਜਾਂਦੇ ਹਨ ;

੨) ਕਿ ਹਾਲ ਵਿਚ ਲਏ ਸਭ ਸ਼ਬਦ ਅਤੇ ਅੰਤਰ-ਰਾਸ਼ਟਰੀ ਸੰਕੇਤਕ ਸ਼ਬਦਾਂ ਦਾ ਲਿਪੀ ਰੂਪ ਇਕੋ ਜਿਹਾ ਰਖਿਆ ਜਾਏ, ਜਾਂ ਉਹਨਾਂ ਨੂੰ ਉਸੇ ਸ਼ਕਲ ਵਿਚ ਰਖਿਆ ਜਾਏ, ਜਿਹੜੀ ਸ਼ਕਲ ਉਹਨਾਂ

Sri Satguru Jagjit Singh Ji Elibrary NamdhariElibrary@gmail.com

ਦੀ ਮੂਲ ਭਾਸ਼ਾ ਵਿਚ ਹੈ। ਮਿਸਾਲ ਲਈ (ਸੋਸ਼ਲਿਜ਼ਮ, ਕਮਿਊਨਿਜ਼ਮ, ਬਾਲਸ਼ਵਿਕ, ਸੋਵੀਅਤ) ਓਸੇਟਿਕ, ਮੋਰਦਵੀਨੀਅਨ, ਏਵੇਨਕੀ ਵਿਚ ਠੀਕ ਉਵੇਂ ਹੀ ਲਿਖੇ ਜਾਂਦੇ ਹਨ, ਜਿਵੇਂ ਇਹ ਰੂਸੀ ਵਿਚ ਲਿਖੇ ਜਾਂਦੇ ਹਨ।

ਵਰਣਬੋਧ ਦੇ ਨੇਮਾਂ ਤੇ ਬਹਿਸ ਤੇ ਨੇਮ ਘੜਨ ਦੇ ਕੰਮ ਵਿਚ ਆਮ ਕਰ ਕੇ ਅਧਿਆਪਕਾਂ, ਪੱਤਰਕਾਰਾਂ, ਪ੍ਰਕਾਸ਼ਨ ਘਰਾਂ ਦੇ ਕਰਮਚਾਰੀਆਂ ਦੀ ਸ਼ਮੂਲੀ ਜ਼ਰੂਰੀ ਹੈ। ਬਹਿਸ ਤੋਂ ਪਿਛੋਂ, ਹਰ ਕੌਮੀ ਰੀਪਬਲਿਕ ਜਾਂ ਪ੍ਰਦੇਸ਼ ਦੇ ਕਾਰਜਕਾਰੀ ਅਦਾਰੇ ਇਹਨਾਂ ਨੇਮਾਂ ਦਾ ਨਿਰੀਖਣ ਕਰਦੇ ਹਨ ਤੇ ਇਹਨਾਂ ਦੀ ਪੁਸ਼ਟੀ ਕਰਦੇ ਹਨ, ਜਿਸ ਤੋਂ ਮਗਰੋਂ ਇਹਨਾਂ ਦਾ ਪਾਲਣ ਲਾਜ਼ਮੀ ਹੋ ਜਾਂਦਾ ਹੈ।

ਵਰਣਬੋਧ ਦੇ ਨੇਮਾਂ ਦਾ ਸਮੇਂ ਸਮੇਂ ਮੁੜ-ਨਿਰੀਖਣ ਕੀਤਾ ਜਾਂਦਾ ਹੈ ਅਤੇ ਭਾਸ਼ਾ ਦੇ ਵਿਕਾਸ ਅਨੁਸਾਰ ਇਹਨਾਂ ਵਿਚ ਸੋਧ ਕੀਤੀ ਜਾਂਦੀ ਹੈ।

Sri Satguru Jagjit Singh Ji Elibrary NamdhariElibrary@gmail.com

ਸੰਕੇਤਾਵਲੀ ਦਾ ਵਿਕਾਸ

ਸੰਕੇਤਾਵਲੀ ਨੂੰ ਠੀਕ ਹੀ ਵਿਗਿਆਨ ਦੀ ਭਾਸ਼ਾ ਆਖਿਆ ਗਿਆ ਹੈ। ਜਿਵੇਂ ਹੀ ਕਿਸੇ ਭਾਸ਼ਾ ਦੀ ਲਿਪੀ ਵਿਕਸਤ ਹੋਈ, ਸੰਕੇਤਾਵਲੀ ਦਾ ਕੰਮ ਅਰੰਭ ਦਿਤਾ ਗਿਆ: ਅਸਲ ਵਿਚ, ਨਵੀਂ ਲਿਪੀ ਦੇ ਵਿਕਾਸ ਦਾ ਸਮਾਂ ਉਹ ਸੀ ਜਦੋਂ ਸਮਾਜ਼ੀ ਰਾਜਨੀਤਕ, ਵਿਗਿਆਨਕ, ਟੈਕਨਾਲੋਜੀਕਲ ਤੇ ਦੂਜੇ ਸੰਕੇਤਕ ਸ਼ਬਦ ਘੜੇ ਗਏ, ਉਹਨਾਂ ਨੂੰ ਤਰਤੀਬ ਦੇ ਕੇ ਸਥਾਪਤ ਕੀਤਾ ਗਿਆ।

ਪਹਿਲਾਂ ਵੀ ਤੇ ਹੁਣ ਵੀ ਸੰਕੇਤਾਵਲੀ ਦੀ ਸਮੱਸਿਆ ਨੂੰ ਭਾਰੀ ਮਹੱਤਤਾ ਦਿਤੀ ਜਾਂਦੀ ਹੈ, ਇਹ ਇਸ ਤੋਂ ਹੀ ਪਰਤੱਖ ਹੋ ਜਾਂਦਾ ਹੈ, ਕਿ ਸੋਵੀਅਤ ਕੌਮੀ ਰੀਪਬਲਿਕਾਂ ਅਤੇ ਪ੍ਰਦੇਸ਼ਾਂ ਵਿਚ ਸੰਕੇਤਾਵਲੀ ਬਾਰੇ ਸਥਾਈ ਸਰਕਾਰੀ ਕਮਿਸ਼ਨ ਹਨ। ਇਹ ਕਮਿਸ਼ਨ ਸੰਬੰਧਤ ਭਾਸ਼ਾ ਦੀ ਸੰਕੇਤਾਵਲੀ ਬਾਰੇ ਤਜਵੀਜ਼ਾਂ ਪਰਵਾਨ ਕਰਦੇ ਹਨ ਅਤੇ ਵਿਗਿਆਨ ਦੀ ਸੰਬੰਧਤ ਸ਼ਾਖ਼ ਦੇ ਮਾਹਿਰਾਂ ਤੋਂ ਇਹਨਾਂ ਉਤੇ ਵਿਚਾਰ ਤੇ ਬਹਿਸ ਕਰਵਾਉਂਦੇ ਹਨ। ਉਹਨਾਂ ਵਲੋਂ ਕੀਤੀਆਂ ਸਫ਼ਾਰਸ਼ਾਂ ਪੁਸ਼ਟੀ ਲਈ ਸਥਾਨਕ ਸ਼ਾਸਨੀ ਤੇ ਵਿਧਾਨਕੀ ਅਦਾਰਿਆਂ ਦੇ ਪੇਸ਼ ਕੀਤੀਆਂ ਜਾਂਦੀਆਂ ਹਨ। ਇਕ ਸੰਕੇਤ ਓਦੋਂ ਸਥਾਪਤ ਸਮਝਿਆ ਜਾਂਦਾ ਹੈ

Sri Satguru Jagjit Singh Ji Elibrary NamdhariElibrary@gmail.com

ਜਦੋਂ ਕੌਮੀ ਰੀਪਬਲਿਕਨ ਜਾਂ ਪ੍ਰਦੇਸ਼ਕ ਅਧਿਕਾਰੀ ਵਲੋਂ ਇਸ ਨੂੰ ਪ੍ਰਵਾਨਗੀ ਮਿਲ ਜਾਂਦੀ ਹੈ।

ਜਿਨ੍ਹਾਂ ਭਾਸ਼ਾਵਾਂ ਵਿਚ ਲਿਖਣਾ ਹਾਲ ਵਿਚ ਹੀ ਸ਼ੁਰੂ ਹੋਇਆ ਹੈ ਉਹਨਾਂ ਵਿਚ ਸੰਕੇਤਕ ਸ਼ਬਦਾਂ ਦੀ ਸਥਾਪਤੀ ਤੇ ਵਿਕਾਸ ਦੇ ਦੋ ਵਡੇ ਪੜਾਅ ਹਨ। ਪਹਿਲਾ ਹੈ ਰਾਜਨੀਤਕ, ਵਿਗਿਆਨਕ, ਇੰਜੀਨੀਅਰੀ ਅਤੇ ਦੂਜੇ ਚਿਰ-ਸਥਾਈ ਸੰਕੇਤਾਂ ਦੀ ਸਥਾਪਤੀ ਨਾਲ ਸੰਬੰਧਤ ਹੈ, ਜਿਨ੍ਹਾਂ ਦੀ ਰੋਜ਼ਾਨਾ ਬੋਲ ਚਾਲ ਵਿਚ, ਸਕੂਲਾਂ, ਸਮਾਜੀ ਸਰਗਰਮੀਆਂ ਵਿਚ ਵਿਸ਼ਾਲ ਵਰਤੋਂ ਹੁੰਦੀ ਹੈ। ਦੂਜਾ ਪੜਾਅ ਹੈ ਵਿਗਿਆਨ, ਟੈਕਨਾਲੋਜੀ, ਸਨਅਤ, ਜ਼ਰਾਇਤ, ਸਾਹਿਤ ਤੇ ਕਲਾ ਦੇ ਖੇਤਰਾਂ ਨਾਲ ਸੰਬੰਧਤ ਸੰਕੇਤਾਵਲੀ ਦਾ ਵਧੇਰੇ ਵਿਸਤ੍ਰਿਤ ਵਿਕਾਸ। ਇਹ ਪੜਾਅ ਪਹਿਲੇ ਦੀ ਨਿਰੰਤਰਤਾ ਹੈ। ਇਸ ਪੜਾਅ ਤੇ ਸੰਕੇਤਾਵਲੀ-ਵਿਗਿਆਨ ਪ੍ਰਬੰਧ ਵਿਕਸਤ ਹੁੰਦੇ ਹਨ। ਦੋਹਾਂ ਪੜਾਵਾਂ ਤੇ ਸੰਕੇਤਾਵਲੀ ਦੇ ਵਿਸ਼ੇਸ਼ ਪ੍ਰਬੰਧ ਵਿਚ ਸੰਕੇਤਕ ਸ਼ਬਦ ਵਲ ਕੋਸ਼-ਅਰਥ ਵੀ ਇਕਾਈ ਵਜੋਂ ਬਹੁਤ ਧਿਆਨ ਦਿਤਾ ਜਾਂਦਾ ਹੈ।

ਇਕ ਸੰਕੇਤ ਸਦਾ ਹੀ ਇਕ ਭਾਵ ਨੂੰ ਪ੍ਰਗਟਾਉਂਦਾ ਹੈ ਅਤੇ ਸੰਕੇਤਾਵਲੀ ਦੇ ਪ੍ਰਬੰਧ ਵਿਚ ਕੇਵਲ ਇਕ ਅਰਥ ਰਖਦਾ ਹੈ। ਇਹ ਸ਼ਬਦ ਬਿਲਕੁਲ ਢੁਕਵਾਂ ਤੇ ਭਾਵਕ ਰੰਗਣ ਤੋਂ ਖ਼ਾਲੀ ਹੋਣਾ ਚਾਹੀਦਾ ਹੈ। ਫੇਰ ਦਸ ਦਿਤਾ ਜਾਏ ਕਿ ਸੰਕੇਤ ਇਕ ਅਰਥ ਵਾਲਾ, ਸੰਖੇਪ ਤੇ ਢੁਕਵਾਂ ਹੋਣਾ ਚਾਹੀਦਾ ਹੈ। ਹਰ ਸੰਕੇਤ ਦਾ ਸੰਕੇਤਾਵਲੀ ਦੇ ਉਸ ਪ੍ਰਬੰਧ ਵਿਚ ਜਿਸ ਨਾਲ ਇਹ ਸੰਬੰਧਤ ਹੈ ਵਿਸ਼ੇਸ਼ ਸਥਾਨ ਹੁੰਦਾ ਹੈ। ਇਹਨਾਂ ਸਭਨਾਂ ਲੋੜਾਂ ਦਾ ਕਰੜਾ ਪਾਲਣ ਹੋਣਾ ਚਾਹੀਦਾ ਹੈ।

Sri Satguru Jagjit Singh Ji Elibrary NamdhariElibrary@gmail.com

ਪਹਿਲੇ ਪੜਾਅ ਉਤੇ ਬਹੁਤਾ ਧਿਆਨ ਗਿਆਨ ਜਾਂ ਆਰਥਕ ਸਰਗਰਮੀ ਦੀਆਂ ਵਖ ਵਖ ਸ਼ਾਖ਼ਾਂ ਨਾਲ ਸੰਬੰਧਤ ਸੰਕੇਤਾਂ ਵਲ ਦਿਤਾ ਗਿਆ ਸੀ। ਕੰਮ ਸੀ ਨਵੀਆਂ ਲਿਖਤੀ ਭਾਸ਼ਾਵਾਂ ਦੀ ਸ਼ਬਦਾਵਲੀ ਵਿਚ ਗਿਆਨ ਤੇ ਆਰਥਕਤਾ ਦੀਆਂ ਸਭਨਾਂ ਸ਼ਾਖ਼ਾਂ ਵਿਚ ਅਤਿ ਮਹੱਤਵ ਪੂਰਨ ਤੇ ਵਿਸ਼ਾਲ ਵਰਤੋਂ ਦੇ ਸੰਕੇਤ ਸ਼ਾਮਲ ਕਰਨ ਦੀ ਅਤਿ ਸੌਖੀ ਵਿਧੀ ਸਥਾਪਤ ਕਰਨਾ। ਸੋਵੀਅਤ ਕੌਮੀਅਤਾਂ ਦੀਆਂ ਬਹੁਤੀਆਂ ਭਾਸ਼ਾਵਾਂ ਵਿਚ ਅਧਿਆਪਕ, ਵਿਦਿਆਰਥੀ, ਸਕੂਲ, ਸੋਵੀਅਤ, ਸੋਸ਼ਲਿਜ਼ਮ, ਵਿਗਿਆਨ, ਭੌਤਿਕ ਵਿਗਿਆਨ, ਕੋਲਖੋਜ਼, ਡਿਪਲੋਮੈਟ, ਵਿਸ਼ਾ (ਵਾਕ ਦਾ), ਵਿਆਕਰਣ, ਟੈਲੀਫ਼ੋਨ, ਪੁਸਤਕ, ਸਿਨਮਾ, ਥੀਏਟਰ, ਆਦਿ ਸੰਕਲਪ ਪ੍ਰਗਟ ਕਰਨ ਲਈ ਸ਼ਬਦ ਨਹੀਂ ਸਨ।

ਨਵੀਆਂ ਲਿਖਤੀ ਭਾਸ਼ਾਵਾਂ ਦੀ ਸ਼ਬਦਾਵਲੀ ਵਿਚ ਵਾਧਾ ਕਰਨ ਲਈ ਪਹਿਲੇ ਪੜਾਅ ਤੇ ਹੇਠ ਲਿਖੇ ਸੋਮੇਂ ਵਰਤੋਂ ਵਿਚ ਲਿਆਂਦੇ ਗਏ: (੧) ਸਾਹਿਤਕ ਭਾਸ਼ਾ ਦੀ ਮੌਜੂਦ ਸ਼ਬਦਾਵਦੀ ਅਤੇ ਇਸ ਦੀਆਂ ਸ਼ਬਦ-ਰਚਨਾ ਸੰਭਾਵਨਾਵਾਂ; (੨) ਉਪ-ਭਾਖਾਵਾਂ ਦੀ ਸ਼ਬਦਾਵਲੀ; (੩) ਅੰਤਰ-ਰਾਸ਼ਟਰੀ ਸੰਕੇਤਾਵਲੀ; ਅਤੇ (੪) ਰੂਸੀ ਤੇ ਹੋਰ ਭਾਸ਼ਾਵਾਂ ਤੋਂ ਹੁਦਾਰੇ ਲਏ ਸੰਕੇਤਕ ਸ਼ਬਦ।

ਮਿਸਾਲ ਲਈ, ਨਾਖ਼ ਭਾਸ਼ਾ ਵਿਚ ਹੇਠ ਲਿਖੇ ਸਮਾਜ-ਵਿਗਿਆਨਿਕ ਸ਼ਬਦ ਉਹਨਾਂ ਦੀ ਸ਼ਬਦਾਵਲੀ ਅਤੇ ਸ਼ਬਦ-ਰਚਨਾ ਸੰਭਾਵਨਾਵਾਂ ਦੇ ਬਲ ਤੇ ਹੀ ਘੜੇ ਗਏ — ਬੇਲਖਾਲੋ (ਕਾਮਾ) ਅਤੇ ਅਖਾਰਖੋ (ਹਲਵਾਹਕ, ਕਿਸਾਨ)। ਪਹਿਲਾ ਸ਼ਬਦ ਸਥਾਨਕ ਧਾਤੂ ਬੋਲਖ (ਕੰਮ)

Sri Satguru Jagjit Singh Ji Elibrary NamdhariElibrary@gmail.com

ਜਮ੍ਹਾਂ ਪਛੇਤਰ–ਲੋ ਤੋਂ ਬਣਿਆ ਹੈ; ਦੂਜਾ ਸ਼ਬਦ ਵੀ ਸਥਾਨਕ ਧਾਤੂ ਅਖਾਰ (ਹਲ ਵਾਹੁਣਾ) ਅਤੇ ਪਛੇਤਰ—ਖੋ ਲਾ ਕੇ ਬਣਾਇਆ ਗਿਆ ਹੈ। ਇਹਨਾਂ ਸ਼ਬਦਾਂ ਦਾ ਜਨਮ ਲਿਪੀ ਵਿਕਸਤ ਹੋਣ ਤੋਂ ਪਿਛੋਂ ਹੋਇਆ।

ਕੁਝ ਸ਼ਬਦ ਉਪ-ਭਾਖਾ ਦੀ ਸ਼ਬਦਾਵਲੀ ਦੇ ਆਧਾਰ ਤੇ ਘੜੇ ਗਏ। ਮਿਸਾਲ ਲਈ, ਜ਼ਰਾਇਤੀ ਸੰਕੇਤਕ ਸ਼ਬਦ ਤੀਲਾਗ (ਵਾਦੀ) ਦੀਗੋਰ ਉਪ-ਭਾਖਾ ਤੋਂ ਸਾਹਿੱਤਕ ਓਸੇਟਿਕ ਵਿਚ ਆਇਆ ਹੈ।

ਸੋਸ਼ਲਿਜ਼ਮ, ਕਮਿਊਨਿਜ਼ਮ, ਆਦਰਸ਼ਵਾਦ, ਪਦਾਰਥਵਾਦ ਜਿਹੇ ਅੰਤਰ-ਰਾਸ਼ਟਰੀ ਸੰਕੇਤ ਹਾਲ ਦੀਆਂ ਲਿਪੀਆਂ ਵਾਲੀਆਂ ਸਭਨਾਂ ਭਾਸ਼ਾਵਾਂ ਵਿਚ ਸ਼ਾਮਲ ਕੀਤੇ ਗਏ ਹਨ ਅਤੇ ਇਹ ਰੂਸੀ ਵਰਣ ਬੋਧ ਅਨੁਸਾਰ ਲਿਖੇ ਜਾਂਦੇ ਹਨ। ਸੋਵੀਅਤ, ਬਾਲਸ਼ਵਿਕ, ਕੋਲਖੋਜ਼, ਸੋਵਖੋਜ਼ (ਰਿਆਸਤੀ ਫ਼ਾਰਮ) ਆਦਿ ਜਿਹੇ ਰੂਸੀ ਸ਼ਬਦ ਹੁਦਾਰੇ ਲੈਣ ਤਕ ਇਹ ਨੇਮ ਵਰਤਿਆ ਜਾਂਦਾ ਹੈ।

ਸੋ ਇਹਨਾਂ ਭਾਸ਼ਾਵਾਂ ਵਿਚ ਬਹੁਤੀ ਵਿਸ਼ਾਲ ਵਰਤੋਂ ਅਤੇ ਵਿਹਾਰਕ ਲੋੜਾਂ ਵਾਲੀ ਸਮਾਜੀ-ਰਾਜਨੀਤਕ, ਵਿਗਿਆਨਕ ਅਤੇ ਇੰਜੀਨੀਅਰਿੰਗ ਦੀ ਸੰਕੇਤਾਵਲੀ ਸਥਾਨਕ ਸ਼ਬਦਾਂ, ਅੰਤਰ-ਰਾਸ਼ਟਰੀ ਸੰਕੇਤਾਂ ਅਤੇ ਰੂਸੀ ਸ਼ਬਦਾਂ ਉਤੇ ਅਧਾਰਤ ਹੈ।

ਜਿਨ੍ਹਾਂ ਭਾਸ਼ਾਵਾਂ ਦੀਆਂ ਲਿਪੀਆਂ ਪੁਰਾਣੀਆਂ ਹਨ ਉਹਨਾਂ ਦੀ ਸਥਿਤੀ ਦੂਸਰੀ ਹੈ। ਆਰਮੇਨੀਅਨ ਤੇ ਜਾਰਜੀਅਨ ਵਿਚ ਬਹੁਤੇ ਅੰਤਰ-ਰਾਸ਼ਟਰੀ ਤੇ ਹੁਦਾਰੇ ਲਏ ਸ਼ਬਦਾਂ ਨੂੰ ਉਹਨਾਂ ਦੇ ਆਪਣੇ ਸ਼ਬਦ-ਭੰਡਾਰਾਂ ਦੇ ਆਧਾਰ ਉਤੇ ਰੂਪ-ਰੰਗ ਦਿਤਾ ਗਿਆ ਸੀ। ਉਜ਼ਬੇਕ

Sri Satguru Jagjit Singh Ji Elibrary NamdhariElibrary@gmail.com

ਤੇ ਅਜ਼ਰਬਾਈਜਾਨ ਵਿਚ ਅਰਬੀ ਤੇ ਫ਼ਾਰਸੀ ਤੋਂ ਲਏ ਪੁਰਾਣੇ ਸ਼ਬਦਾਂ ਦੀ ਇਸ ਮਨੋਰਥ ਲਈ ਵਿਸ਼ਾਲ ਵਰਤੋਂ ਕੀਤੀ ਜਾਂਦੀ ਸੀ।

ਇਸ ਵੇਲੇ ਨਵ-ਜਨਮਤ ਲਿਖਤੀ ਸਾਹਿੱਤਕ ਭਾਸ਼ਾਵਾਂ ਵਿਚ ਸੰਕੇਤਾਵਲੀ ਭਰਨ ਤੇ ਇਸ ਨੂੰ ਵਿਕਸਤ ਕਰਨ ਦਾ ਕੰਮ ਸਥਾਨਕ ਸ਼ਬਦ ਭੰਡਾਰ ਅਤੇ ਰੂਸੀ, ਅਤੇ ਇਸ ਰਾਹੀਂ ਹੋਰ ਭਾਸ਼ਾਵਾਂ ਤੋਂ, ਲਏ ਸ਼ਬਦਾਂ ਤੋਂ ਸ਼ੁਰੂ ਹੁੰਦਾ ਹੈ।

ਸੰਕੇਤਵਾਲੀ ਵਿਕਾਸ ਦਾ ਦੂਜਾ ਪੜਾਅ ਲੰਮਾ ਅਤੇ ਗੁੰਝਲਦਾਰ ਹੈ। ਇਸ ਪੜਾਅ ਉਤੇ ਵਿਗਿਆਨ, ਟੈਕਨਾਲੋਜੀ, ਸਾਹਿੱਤ ਅਤੇ ਕਲਾ ਦੀਆਂ ਭਿੰਨ ਭਿੰਨ ਸ਼ਾਖ਼ਾਵਾਂ ਲਈ ਸੰਕੇਤਾਵਲੀ ਪ੍ਰਣਾਲੀਆਂ ਵਿਸਥਾਰ ਵਿਚ ਵਿਕਸਾਈਆਂ ਜਾਂਦੀਆਂ ਹਨ । ਇਹ ਕੰਮ ਉਹਨਾਂ ਭਾਸ਼ਾਵਾਂ ਵਿਚ ਵੀ ਹੁੰਦਾ ਹੈ ਜਿਨ੍ਹਾਂ ਦੀਆਂ ਲਿਪੀਆਂ ਪੁਰਾਣੀਆਂ ਸਥਾਪਤ ਹਨ।

ਦੂਜੇ ਪੜਾਅ ਉਤੇ ਇਹ ਜ਼ਰੂਰੀ ਹੈ ਕਿ ਸੰਕੇਤਾਵਲੀ ਦੇ ਵਿਕਾਸ ਨਾਲ ਸਬੰਧਤ ਮਾਹਿਰਾਂ ਨੂੰ ਭਾਸ਼ਾ ਵਿਗਿਆਨ ਅਤੇ ਹੋਰ ਵਖ ਵਖ ਸ਼ਾਖ਼ਾਂ, ਜਿਹਾ ਕਿ ਟੈਕਨਾਲੋਜੀ, ਜ਼ਰਾਇਤ, ਆਦਿ ਦਾ ਵਿਸ਼ੇਸ਼ ਗਿਆਨ ਹੋਵੇ। ਇਸ ਕੰਮ ਵਿਚ ਸਫ਼ਲਤਾ ਪ੍ਰਾਪਤੀ ਲਈ ਭਾਸ਼ਾ ਵਿਗਿਆਨੀਆਂ ਅਤੇ ਹੋਰ ਸ਼ਾਖ਼ਾਂ — ਇੰਜੀਨੀਅਰ, ਡਾਕਟਰ, ਆਦਿ — ਦੇ ਮਾਹਿਰਾਂ ਦੇ ਸਾਂਝੇ ਜਤਨਾਂ ਦੀ ਲੋੜ ਹੈ। ਟੈਕਨੀਕਲ ਸੰਕੇਤਾਂ ਬਾਰੇ ਸੋਵੀਅਤ ਯੂਨੀਅਨ ਦੀ ਵਿਗਿਆਨ ਅਕਾਦਮੀ ਦੀ ਕਮੇਟੀ ਦੇ ਵਿਗਿਆਨਕ ਕਮਿਸ਼ਨ ਜਥੇਬੰਦ ਕਰਨ ਵਿਚ ਇਸ ਅਸੂਲ ਦੀ ਵਰਤੋਂ ਕੀਤੀ ਜਾਂਦੀ ਹੈ। ਗਿਆਨ ਦੀਆਂ ਵਖ ਵਖ ਸ਼ਾਖ਼ਾਂ ਵਿਚ ਨਿਪੁੰਨ ਸੈਂਕੜੇ ਹੀ

Sri Satguru Jagjit Singh Ji Elibrary NamdhariElibrary@gmail.com

ਵਿਗਿਆਨੀ ਇਹਨਾਂ ਕਮਿਸ਼ਨਾਂ ਵਿਚ ਹਿੱਸਾ ਲੈਂਦੇ ਹਨ।

ਅਨੁਮਾਨ ਹੈ ਕਿ ਸੰਕੇਤਾਂ ਨੂੰ ਇਕ ਸਿਲਸਲੇ ਵਿਚ ਬੀੜਨ ਤੇ ਉਹਨਾਂ ਵਿਚ ਲੁਪਤ ਭਾਵਾਂ ਦੀ ਪ੍ਰੀਭਾਸ਼ਾ ਕਰਨ ਵਿਚ ਬਹੁਤ ਸਾਰਾ ਸਮਾਂ ਤੇ ਜਤਨ ਖ਼ਰਚ ਹੁੰਦੇ ਹਨ।

ਫ਼ਰਜ਼ ਕਰੋ ਕਿ ਟੈਕਨਾਲੋਜੀ ਦੀ ਇਕ ਖ਼ਾਸ ਸ਼ਾਖ਼ ਵਿਚ ਸੰਕੇਤਾਂ ਦਾ ਇਕ ਸਿਲਸਲਾ ਤਿਆਰ ਕਰਨਾ ਹੈ। ਇਸ ਵਿਚ ਟੈਕਨਾਲੋਜਿਸਟ ਤੇ ਭਾਸ਼ਾ ਵਿਗਿਆਨੀ ਕੀ ਰੋਲ ਅਦਾ ਕਰਦੇ ਹਨ ? ਟੈਕਨਾਲੋਜਿਸਟ ਹਰ ਲੋੜੀਂਦੇ ਸੰਕਲਪ ਦੀ ਵਿਆਖਿਆ ਕਰਨ ਅਤੇ ਦੂਜੇ ਪ੍ਰਸਪਰ ਸਬੰਧਤ ਸੰਕਲਪਾਂ ਦੇ ਪ੍ਰਸੰਗ ਵਿਚ ਉਸ ਦੀ ਥਾਂ ਸਥਾਪਤ ਕਰਨ ਵਿਚ ਸਹਾਇਤਾ ਕਰਦੇ ਹਨ। ਭਾਸ਼ਾ-ਵਿਗਿਆਨੀ ਦਾ ਕਾਰਜ ਹੈ ਸੰਕੇਤਾਵਲੀ ਪ੍ਰਬੰਧ ਦੀਆਂ ਸਿਧਾਂਤਕ ਬੁਨਿਆਦਾਂ ਵਿਕਸਤ ਕਰਨਾ। ਇਸ ਕੰਮ ਵਿਚ ਉਹਨਾਂ ਲਈ ਜ਼ਰੂਰੀ ਹੈ ਕਿ ਉਹ ਹਰ ਭਾਸ਼ਾ ਦੇ ਵਿਸ਼ੇਸ਼ ਲੱਛਣਾਂ ਨੂੰ ਧਿਆਨ ਵਿਚ ਰਖਣ। ਇਸ ਪ੍ਰਕਾਰ, ਮਿਸਾਲ ਲਈ, ਜਰਮਨ ਤੇ ਕਾਕੇਸ਼ੀਆਈ ਭਾਸ਼ਾਵਾਂ ਵਿਚ ਨਵੇਂ ਸ਼ਬਦ ਘੜਨ ਲਈ ਅਸੂਲੀ ਤੌਰ ਤੇ ਧਾਤੂਆਂ ਵਿਚ ਵਾਧਾ ਕਰਨ ਦਾ ਆਸਰਾ ਲਿਆ ਜਾਂਦਾ ਹੈ।

ਬਹੁਤ ਸਾਰੀਆਂ ਭਾਸ਼ਾਵਾਂ ਵਿਚ ਅਗੇਤਰ ਤੇ ਪਛੇਤਰ ਲਾਉਣਾ ਸ਼ਬਦ ਰਚਨਾ ਦੀਆਂ ਵਧੇਰੇ ਵਰਤੀਂਦੀਆਂ ਵਿਧੀਆਂ ਹਨ। ਅਗੇਤਰਾਂ ਤੇ ਪਛੇਤਰਾਂ ਦੀ ਨਿਪੁੰਨਤਾ ਸੰਕੇਤਾਵਲੀ ਦੀ ਉਸਾਰੀ ਦੇ ਕਾਰਗਰ ਸਾਧਨ ਦਾ ਕੰਮ ਦੇ ਸਕਦੀ ਹੈ। ਰਸਾਇਣ-ਵਿਗਿਆਨ ਇਸ ਦੀ ਚੰਗੀ ਮਿਸਾਲ ਹੈ। ਸਿਧਾਂਤਕ ਤੇ ਵਿਹਾਰਕ ਰਸਾਇਣ-ਵਿਗਿਆਨ ਦੀ ਅੰਤਰ-ਰਾਸ਼ਟਰੀ ਯੂਨੀਅਨ ਨੇ ਜੀਵਨ ਜੋਗਕਾਂ ਦੀ ਨਾਮਾਵਲੀ ਸਬੰਧੀ ਕੁਝ ਨੇਮ

Sri Satguru Jagjit Singh Ji Elibrary NamdhariElibrary@gmail.com

ਸਪਲਾਈ ਕੀਤੇ ਹਨ ਜਿਨ੍ਹਾਂ ਦੁਆਰਾ ਸੁਝਾਉ ਦਿਤਾ ਗਿਆ ਹੈ ਕਿ ਸੰਤ੍ਰਿਪਤ ਸਿਧ-ਲੜੀ ਹਾਈਡ੍ਰੋਕਾਰਬਨਾ ਨੂੰ ane ਨਾਲ ਖ਼ਤਮ ਹੁੰਦੇ ਯੂਨਾਨੀ ਸੰਖਿਅਕਾਂ ਨਾਲ ਰੂਪ ਦਿਤਾ ਜਾਏ (Pentane C_5H_{12}, decane $C_{10}H_{22}$, triacontane $C_{30}H_{62}$), ਅਸੰਤ੍ਰਿਪਤ ਹਾਈਡਰੋਕਾਰਬਨਾ ਦੇ ਨਾਵਾਂ ਦੇ ਅੰਤ ਵਿਚ ਅਲੀਕੋਟ ਬਾਂਡਾਂ ਦੀ ਹੋਂਦ ਤੇ ਗਿਣਤੀ ਹੋਵੇ : ਦੂਹਰੇ ਬਾਂਡ ਨੂੰ ਪ੍ਰਗਟ ਕਰਨ ਲਈ ਅੰਤ ਵਿਚ ene ਆਉਂਦਾ ਹੈ; ਦੋ ਦੂਹਰਿਆਂ ਨੂੰ ਪ੍ਰਗਟ ਕਰਨ ਲਈ — diene, ਤਿੰਨ ਦੂਹਰਿਆਂ ਲਈ — triene, ਆਦਿ; ਤੀਹਰੇ ਬਾਂਡ ਲਈ — yne, ਦੋ ਤੀਹਰਿਆਂ ਲਈ — diyne, ਆਦਿ ।

ਜੀਵਕ ਜੋਗਕਾਂ ਨੂੰ ਹਾਈਡਰੋਕਾਰਬਨਾਂ ਦੀ ਉਪਜ ਸਮਝਿਆ ਜਾਂਦਾ ਹੈ ਅਤੇ ਉਹਨਾਂ ਦੇ ਨਾਂ ਉਹਨਾਂ ਦੇ ਮੁੱਢਲੇ ਹਾਈਡਰੋਕਾਰਬਨਾ ਤੋਂ ਲਏ ਜਾਂਦੇ ਹਨ ਜਿਨ੍ਹਾਂ ਨਾਲ ਇਵਜ਼ਾਂ ਦੀ ਹੋਂਦ, ਕਿਸਮ ਤੇ ਗਿਣਤੀ ਦਾ ਪਤਾ ਦੇਣ ਵਾਲੇ ਅਗੇਤਰ ਤੇ ਪਛੇਤਰ ਲਾਏ ਜਾਂਦੇ ਹਨ । ਸੋ ਸਪਿਰਟਾਂ ਤੇ ਫੀਨੋਲਾਂ ਦੇ ਅੰਤ ਵਿਚ ol ਆਉਂਦਾ ਹੈ : ਜਿਵੇਂ ethanol; ਅਲਦੀਹਾਈਡਾਂ ਦੇ ਅਖ਼ੀਰ al ਜਿਵੇਂ butanal; ਕੇਟੋਨਸ ਦੇ ਅਖ਼ੀਰ one ਜਿਵੇਂ Lactone, ਆਦਿ ।

ਸ਼ਬਦ ਰਚਨਾ ਲਈ ਅਗੇਤਰਾਂ ਪਛੇਤਰਾਂ ਦੀ ਵਰਤੋਂ ਦੀ ਆਗਿਆ ਸਬੰਧੀ ਕੋਈ ਝਗੜਾ ਨਹੀਂ । ਭਾਸ਼ਾ-ਵਿਗਿਆਨੀ ਦਾ ਕੰਮ ਉਹ ਅਸੂਲ ਲਭਣਾ ਜਾਂ ਤਿਆਰ ਕਰਨਾ ਹੈ ਜਿਨ੍ਹਾਂ ਅਨੁਸਾਰ ਭਾਸ਼ਾ ਸਾਧਨ ਸੰਕੇਤਾ-

Sri Satguru Jagjit Singh Ji Elibrary NamdhariElibrary@gmail.com

ਵਾਲੀ ਦੀ ਰਚਨਾ ਕਰਨ ਲਈ ਕਿਸੇ ਨਿਸਚਿਤ ਭਾਸ਼ਾ ਦੇ ਪ੍ਰਸੰਗ ਵਿਚ ਵਰਤੇ ਜਾ ਸਕਣ ਤੇ ਜਿਨ੍ਹਾਂ ਵਿਚ ਮੁਹਾਰਤ ਹੋ ਸਕੇ। ਇਹ ਯਾਦ ਰਖਣ ਵਾਲੀ ਗੱਲ ਹੈ ਕਿ ਸ਼ਬਦ ਉਚਾਰਨ ਤੇ ਸਮਝਣ ਦੀ ਦ੍ਰਿਸ਼ਟੀ ਤੋਂ ਸੌਖਾ ਹੋਵੇ। ਸੋਵੀਅਤ ਯੂਨੀਅਨ ਦੀਆਂ ਪੁਰਾਣੀਆਂ ਲਿਖਤੀ ਭਾਸ਼ਾਵਾਂ ਨੇ ਸੰਕੇਤਾਵਲੀ ਦੇ ਵਿਕਾਸ ਵਿਚ ਵਡਮੁੱਲਾ ਤਜਰਬਾ ਇਕੱਠਾ ਕੀਤਾ ਹੈ। ਨਵ-ਉਮਰ ਲਿਖਤੀ ਭਾਸ਼ਾਵਾਂ ਵਿਚ ਵੀ ਬਹੁਤ ਕੁਝ ਕੀਤਾ ਗਿਆ ਹੈ। ਪ੍ਰਾਪਤ ਤਜਰਬੇ ਨੂੰ ਹਰ ਭਾਸ਼ਾ ਦੇ ਵਿਸ਼ੇਸ਼ ਲੱਛਣਾਂ ਦੇ ਅਨੁਕੂਲ ਵਰਤਿਆ ਜਾ ਰਿਹਾ ਹੈ।

Sri Satguru Jagjit Singh Ji Elibrary NamdhariElibrary@gmail.com

ਰਾਸ਼ਟਰ-ਵਿਆਪੀ ਭਾਸ਼ਾ

ਸਭਨਾਂ ਸੋਵੀਅਤ ਕੌਮਾਂ ਦੀਆਂ ਬੋਲੀਆਂ ਤੇ ਸਭਿਆਚਾਰਾਂ ਦੀ ਪੂਰਨ ਸਮਾਨਤਾ ਤੇ ਸੁਤੰਤਰ ਵਿਕਾਸ ਦੀ ਲੈਨਿਨੀ ਨੀਤੀ ਨੂੰ ਅਮਲ ਵਿਚ ਲਿਆਉਣ ਲਈ, ਇਕ ਰਾਸ਼ਟਰੀ ਸੰਪਰਕ ਦੀ ਭਾਸ਼ਾ ਦੀ ਲੋੜ ਸੀ। ਕਈ ਹੋਰ ਗੱਲਾਂ ਵੀ ਇਸ ਸਮਾਜੀ ਲੋੜ ਵਿਚ ਵਾਧਾ ਕਰਦੀਆਂ ਸਨ।

ਸਭ ਤੋਂ ਪਹਿਲੀ ਗੱਲ, ਸੋਵੀਅਤ ਯੂਨੀਅਨ ਵਿਚ ਘਟ ਜਾਂ ਵਧ ਗਿਣਤੀ ਵਿਚ ਰਹਿੰਦੇ ਨਸਲੀ ਗਰੁਪਾਂ ਦੁਆਰਾ ਪ੍ਰਤੀਨਿਧ ਹੁੰਦੀਆਂ ਕੁਝ ਬਦੇਸ਼ੀ ਭਾਸ਼ਾਵਾਂ ਨੂੰ ਜੇ ਨਾ ਵੀ ਲਿਆ ਜਾਏ, ਤਾਂ ਵੀ ਸੋਵੀਅਤ ਕੌਮਾਂ ਦੀਆਂ ੧੩੦ ਤੋਂ ਵਧੇਰੇ ਭਾਸ਼ਾਵਾਂ ਵਿਚ ਸਰਕਾਰੀ ਕੰਮ ਚਲਾਉਣਾ ਅਸੰਭਵ ਸੀ। ਦੂਜੀ ਗੱਲ ਸੋਵੀਅਤ ਯੂਨੀਅਨ ਦੀਆਂ ਕੌਮੀ ਰੀਪਬਲਿਕਾਂ ਵਿਚਕਾਰ ਨਿਰਵਿਘਨ ਸੰਪਰਕ ਕਾਇਮ ਰਖਣ ਲਈ ਇਕ ਸਾਂਝੀ ਭਾਸ਼ਾ ਦੀ ਅਵਸ਼ਕਤਾ ਸੀ। ਤੀਜੀ ਗੱਲ, ਸਾਂਝੀ ਬੋਲੀ ਦੀ ਅਣਹੋਂਦ ਦੇਸ਼ ਦੇ ਆਰਥਕ, ਰਾਜਨੀਤਕ ਅਤੇ ਸਭਿਆਚਾਰਕ ਵਿਕਾਸ ਲਈ ਇਕੋ ਰਿਆਸਤੀ ਯੋਜਨਾ ਦੀ ਸਫ਼ਲ ਪੂਰਤੀ ਵਿਚ ਰੋਕ ਹੁੰਦੀ। ਆਖ਼ਰੀ ਗੱਲ, ਕੁਲ-ਯੂਨੀਅਨ ਸਮਾਗਮ, ਕਾਂਗਰਸਾਂ ਤੇ ਕਾਨਫ਼ਰੰਸਾਂ ਵਿਚ ਵਖ ਵਖ ਕੌਮੀਅਤਾਂ ਦੇ ਲੋਕਾਂ ਵਿਚਕਾਰ ਤਾਲਮੇਲ ਦੀ ਸਾਂਝੀ ਭਾਸ਼ਾ ਤੋਂ

Sri Satguru Jagjit Singh Ji Elibrary NamdhariElibrary@gmail.com

ਬਿਨਾਂ ਅੜਿੱਕਾ ਪੈਂਦਾ।

ਉਪਰੋਕਤ ਗੱਲਾਂ ਰਾਸ਼ਟਰ-ਵਿਆਪੀ ਭਾਸ਼ਾ ਦੇ ਕੰਮ ਵੀ ਨਿਸਚਿਤ ਕਰ ਦੇਂਦੀਆਂ ਹਨ, ਜਿਸ ਨੂੰ ਕੇਂਦਰੀ ਰਿਆਸਤੀ ਅਦਾਰਿਆਂ ਨੇ ਇਕਹਿਰੀ ਯੋਜਨਾ ਅਨੁਸਾਰ ਸੋਵੀਅਤ ਯੂਨੀਅਨ ਦੇ ਆਰਥਕ, ਰਾਜਨੀਤਕ ਅਤੇ ਸਭਿਆਚਾਰਕ ਵਿਕਾਸ ਦੀ ਜਥੇਬੰਦੀ ਦੀ ਜ਼ਾਮਨੀ ਕਰਨ ਲਈ ਕੌਮੀ ਰੀਪਬਲਿਕਾਂ ਨਾਲ ਚਿੱਠੀ-ਪੱਤਰ ਤੇ ਹੋਰ ਸੰਪਰਕ ਕਾਇਮ ਰਖਣ ਵਾਸਤੇ ਅਤੇ ਸੋਵੀਅਤ ਲੋਕਾਂ ਵਿਚਕਾਰ ਦੈਨਿਕ ਮੇਲ-ਜੋਲ ਦੇ ਸਾਧਨ ਦੀ ਹੈਸੀਅਤ ਵਿਚ ਵਰਤਣਾ ਸੀ। ਇਹਨਾਂ ਲੋੜਾਂ ਦੀ ਪੂਰਤੀ ਲਈ, ਕੌਮੀ ਰੀਪਬਲਿਕਾਂ ਦੀਆਂ ਮੁਖ ਭਾਸ਼ਾਵਾਂ ਦੇ ਨਾਲ ਹੀ ਇਕ ਦੂਜੀ ਭਾਸ਼ਾ, ਸਭਨਾਂ ਲਈ ਸਾਂਝੀ ਭਾਸ਼ਾ, ਦੀ ਲੋੜ ਸੀ।

ਇਤਿਹਾਸਕ ਤੌਰ ਤੇ ਅਤੇ ਸਹੂਲਤ ਦੀ ਦ੍ਰਿਸ਼ਟੀ ਤੋਂ, ਸੋਵੀਅਤ ਯੂਨੀਅਨ ਦੀਆਂ ਸਭਨਾਂ ਭਾਸ਼ਾਵਾਂ ਵਿਚੋਂ ਇਸ ਕੰਮ ਦੀ ਪੂਰਤੀ ਲਈ ਰੂਸੀ ਸਭ ਤੋਂ ਵਧ ਢੁਕਵੀਂ ਬੋਲੀ ਸੀ।

ਰੂਸੀ ਸੋਵੀਅਤ ਯੂਨੀਅਨ ਦੀ ਅਧਿਉਂ ਬਹੁਤੀ ਵਸੋਂ ਦੀ ਮਾਂ ਬੋਲੀ ਹੈ। ਯੂਕਰੇਨੀ ਤੇ ਬੇਲੋਰੂਸੀ ਲੋਕ, ਜਿਹੜੇ ਮਿਲ ਕੇ ਲਗਪਗ ਪੰਜ ਕਰੋੜ ਹੋ ਜਾਂਦੇ ਹਨ, ਰੂਸੀ ਤੋਂ ਜਾਣੂ ਹਨ, ਜੋ ਕਿ ਉਹਨਾਂ ਦੀਆਂ ਮਾਂ-ਬੋਲੀਆਂ ਦੇ ਬਹੁਤ ਨੇੜੇ ਹੈ। ਗ਼ੈਰ-ਰੂਸੀ ਸੋਵੀਅਤ ਵਸੋਂ ਦੇ ਚੋਖੇ ਹਿੱਸੇ ਨੂੰ ਰੂਸੀ ਦਾ ਕੰਮ-ਚਲਾਊ ਗਿਆਨ ਪ੍ਰਾਪਤ ਹੈ ਅਤੇ ਇਹ ਵੀ ਇਕ ਹਕੀਕਤ ਹੈ ਕਿ ਇਹ ਭਾਸ਼ਾ ਸਭਨਾਂ ਸੋਵੀਅਤ ਬੁਧੀਜੀਵੀਆਂ ਦੀ, ਭਾਵੇਂ ਕਿਸੇ ਵੀ ਇਲਾਕੇ ਜਾਂ ਕੌਮ ਦੇ ਹਨ, ਦੂਜੀ ਮਾਂ ਬੋਲੀ ਬਣ ਚੁਕੀ ਹੈ। ਰੂਸੀ ਸਲਤਨਤ ਦੀਆਂ ਕੌਮਾਂ ਨੂੰ ਜ਼ਾਰਸ਼ਾਹੀ ਤੋਂ ਮੁਕਤ ਕਰਨ

Sri Satguru Jagjit Singh Ji Elibrary NamdhariElibrary@gmail.com

ਅਤੇ ਉਹਨਾਂ ਜਕੜਾਂ ਵਿਚੋਂ ਕੱਢਣ ਲਈ, ਜਿਨ੍ਹਾਂ ਵਿਚ ਰੂਸੀਆਂ ਤੇ ਸਥਾਨਕ, ਦੋਹਾਂ, ਜਾਬਰਾਂ ਨੇ ਜਕੜਿਆ ਹੋਇਆ ਸੀ, ਰੂਸੀ ਲੋਕਾਂ ਵਲੋਂ ਅਦਾ ਕੀਤਾ ਉੱਘਾ ਰੋਲ ; ਭਰਾਤਰੀ ਸਹਾਇਤਾ ਜਿਹੜੀ ਉਹਨਾਂ ਨੂੰ ਆਪਣੇ ਰਾਜਨੀਤਕ, ਆਰਥਕ ਤੇ ਸਭਿਆਚਾਰਕ ਵਿਕਾਸ ਲਈ ਰੂਸੀਆਂ ਤੋਂ ਮਿਲ ਰਹੀ ਹੈ ; ਕੌਮੀ ਰੀਪਬਲਿਕਾਂ ਦੀ ਉੱਨਤੀ ਵਿਚ ਰੂਸੀ ਸਭਿਆਚਾਰ ਤੇ ਵਿਗਿਆਨ ਦੇ ਅਥਾਹ ਰੋਲ, ਇਹਨਾਂ ਸਭਨਾਂ ਗੱਲਾਂ ਨੇ ਰੂਸੀ ਭਾਸ਼ਾ ਨੂੰ ਰਾਸ਼ਟਰ-ਵਿਆਪੀ ਸੰਪਰਕ ਦੀ ਭਾਸ਼ਾ ਬਣਨ ਦੇ ਯੋਗ ਬਣਾ ਦਿਤਾ ਹੈ ।

ਇਸ ਦੇ ਬਾਵਜੂਦ ਵੀ ਰੂਸੀ ਸੋਵੀਅਤ ਯੂਨੀਅਨ ਦੀ ਲਾਜ਼ਮੀ ਰਾਸ਼ਟਰ-ਭਾਸ਼ਾ ਨਹੀਂ ਹੈ । ਲੈਨਿਨ ਰੂਸੀ ਨੂੰ ਲਾਜ਼ਮੀ ਭਾਸ਼ਾ ਕਰਾਰ ਦੇਣਾ, ਇਸ ਨੂੰ ਦੂਜੀਆਂ ਸੋਵੀਅਤ ਕੌਮਾਂ ਉਤੇ ਜਬਰੀ ਠੋਸਣਾ ਵਾਜਬ ਨਹੀਂ ਸਮਝਦੇ ਸਨ । ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਅਤੇ ਸਰਕਾਰ ਇਸ ਅਸੂਲ ਦਾ ਦ੍ਰਿੜ੍ਹਤਾ ਨਾਲ ਪਾਲਣ ਕਰਦੀ ਹੈ ।

ਸੋਵੀਅਤ ਯੂਨੀਅਨ ਦੀ ਸੰਪਰਕ-ਭਾਸ਼ਾ ਵਜੋਂ, ਰੂਸੀ ਨੂੰ ਦੇਸ਼ ਦੀਆਂ ਦੂਜੀਆਂ ਭਾਸ਼ਾਵਾਂ ਦੇ ਨਾਲ ਬਰਾਬਰ ਦਾ ਰਾਜਨੀਤਕ ਤੇ ਕਾਨੂੰਨੀ ਦਰਜਾ ਪ੍ਰਾਪਤ ਹੈ ।

ਹਰ ਸੋਵੀਅਤ ਨਾਗਰਿਕ ਨੂੰ ਹੱਕ ਹੈ ਕਿ ਸਭਨਾਂ ਸਰਕਾਰੀ ਥਾਵਾਂ ਤੇ, ਪਿੰਡ ਦੀ ਸੋਵੀਅਤ ਜਾਂ ਲੋਕ ਅਦਾਲਤ ਤੋਂ ਲੈ ਕੇ ਸੋਵੀਅਤ ਯੂਨੀਅਨ ਦੀ ਸੁਪ੍ਰੀਮ ਸੋਵੀਅਤ ਤੱਕ ਆਪਣੀ ਮਾਂ-ਬੋਲੀ ਦੀ ਵਰਤੋਂ ਕਰ ਸਕੇ । ਹਰ ਰਾਜਕੀ ਅਦਾਰੇ ਨੂੰ ਸਥਾਨਕ ਬੋਲੀ ਵਿਚ, ਜ਼ਬਾਨੀ ਜਾਂ ਲਿਖ ਕੇ, ਸੰਬੋਧਨ ਕੀਤਾ ਜਾ ਸਕਦਾ ਹੈ ।

Sri Satguru Jagjit Singh Ji Elibrary NamdhariElibrary@gmail.com

ਸਭਨਾਂ ਕੌਮੀ ਰੀਪਬਲਿਕਾਂ ਤੇ ਪ੍ਰਦੇਸ਼ਾਂ ਵਿਚ ਰਿਆਸਤੀ, ਵਿਗਿਆਨਕ, ਜਨਤਕ ਤੇ ਸਭਿਆਚਾਰਕ ਸੰਸਥਾਵਾਂ ਵਿਚਕਾਰ ਵਿਹਾਰਕ ਚਿੱਠੀ ਪੱਤਰ ਆਪੋ ਆਪਣੀਆਂ ਕੌਮੀ ਭਾਸ਼ਾਵਾਂ ਵਿਚ ਕੀਤਾ ਜਾ ਸਕਦਾ ਹੈ। ਜੇ ਜ਼ਰੂਰੀ ਹੋਵੇ, ਤਾਂ ਉਥੇ ਰਹਿੰਦੇ ਰੂਸੀ ਜਾਂ ਦੂਜੀਆਂ ਥਾਵਾਂ ਦੇ ਜੰਮਪਲ ਕੋਰਸਾਂ ਅਤੇ ਕਲਾਸਾਂ ਰਾਹੀਂ ਸਥਾਨਕ ਭਾਸ਼ਾ ਸਿਖ ਲੈਂਦੇ ਹਨ।

ਬਦੇਸ਼ਾਂ ਵਿਚ ਇਹ ਸਵਾਲ ਅਕਸਰ ਪੁੱਛਿਆ ਜਾਂਦਾ ਹੈ ਕਿ ਸੋਵੀਅਤ ਯੂਨੀਅਨ ਵਿਚ ਸਥਾਨਕ ਭਾਸ਼ਾਵਾਂ ਤੇ ਰੂਸੀ ਵਿਚਕਾਰ "ਸ਼ਰੀਕੇ" ਦੀ ਕੋਈ ਮਿਸਾਲ ਮਿਲਦੀ ਹੈ।

ਸਭ ਤੋਂ ਪਹਿਲਾਂ ਇਹ ਇਕ ਰਾਜਸੀ ਸਵਾਲ ਹੈ। ਭਾਸ਼ਾਵਾਂ ਦੀ ਇਕ ਦੂਜੇ ਨਾਲ ਕੋਈ ਸ਼ਰੀਕਾ ਦੁਸ਼ਮਣੀ ਨਹੀਂ ਹੋ ਸਕਦਾ, ਜਿੰਨਾਂ ਚਿਰ ਵਰਤਮਾਨ ਰਾਜਸੀ ਹਾਲਤਾਂ ਕੌਮਾਂ ਦੀ ਮਿੱਤਰਤਾ ਤੇ ਮਿਲਵਰਤਨ ਨੂੰ ਹਾਨੀ ਪੁਚਾਉਣ ਵਾਲੇ ਸ਼ਰੀਕੇ ਨੂੰ ਨਾ ਉਭਾਰਨ। ਸਾਬਕ ਰੂਸੀ ਸਲਤਨਤ ਦੀਆਂ ਸਭਨਾਂ ਕੌਮਾਂ ਤੇ ਸਭਨਾਂ ਕੌਮੀ ਦਲਾਂ ਦੀ ਰਾਜਨੀਤਕ ਤੇ ਕਾਨੂੰਨੀ ਬਰਾਬਰੀ ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਤੁਰਤ ਪਿਛੋਂ ਹੀ ਸਥਾਪਤ ਹੋ ਗਈ ਸੀ। ਫਲਸਰੂਪ ਸੋਵੀਅਤ ਯੂਨੀਅਨ ਵਿਚ ਅਜਿਹੇ ਰਾਜਸੀ ਹਾਲਾਤ ਨਹੀਂ ਹਨ, ਜਿਹੜੇ ਭਾਸ਼ਾਵਾਂ ਵਿਚ ਦੁਸ਼ਮਣੀ ਪੈਦਾ ਕਰਦੇ ਹਨ। ਇਸ ਦੇ ਉਲਟ, ਉਹਨਾਂ ਨੂੰ ਸਫਲ ਵਿਕਾਸ ਦੇ ਹਰ ਮੌਕੇ ਦੀ ਜ਼ਾਮਨੀ ਦਿਤੀ ਗਈ।

ਕੌਮੀ ਰੀਪਬਲਿਕਾਂ, ਪ੍ਰਦੇਸਾਂ ਤੇ ਖਿੱਤਿਆਂ ਵਿਚ ਰੂਸੀ ਦੇ ਪਸਾਰ ਦਾ ਕਾਰਨ ਸਥਾਨਕ ਲੋਕਾਂ ਵਲੋਂ ਸਕੂਲਾਂ ਵਿਚ ਰੂਸੀ ਦੀ ਪੜ੍ਹਾਈ ਨੂੰ

Sri Satguru Jagjit Singh Ji Elibrary NamdhariElibrary@gmail.com

ਤੇਜ਼ ਕਰਨ ਦੀਆਂ ਦ੍ਰਿੜ੍ਹ ਮੰਗਾਂ ਹਨ। ਇਸ ਤਰ੍ਹਾਂ, ਕਿਸੇ ਕਿਸਮ ਦੀ ਦੁਸ਼ਮਣੀ ਦਾ ਕੋਈ ਸਵਾਲ ਹੀ ਨਹੀਂ ਰਹਿੰਦਾ।

ਸੋਵੀਅਤ ਯੂਨੀਅਨ ਦੀਆਂ ਕੌਮਾਂ ਦੀਆਂ ਭਾਸ਼ਾਵਾਂ ਦੇ ਵਿਕਾਸ ਉਤੇ ਰੂਸੀ ਵਿਸ਼ਾਲ ਤੇ ਲਾਭਦਾਇਕ ਪ੍ਰਭਾਵ ਪਾਉਂਦੀ ਹੈ। ਇਹ ਪ੍ਰਭਾਵ ਢੇਰ ਪੁਰਾਣੇ ਸਮਿਆਂ ਤੋਂ ਪੈਂਦਾ ਆ ਰਿਹਾ ਹੈ। ਜਿਵੇਂ ਕਿ ਚੂਵਾਸ਼ ਭਾਸ਼ਾ ਦੇ ਇਕ ਪ੍ਰਸਿਧ ਵਿਦਿਆਰਥੀ ਵੀ. ਯੇਗੋਰੋਵ ਨੇ ਕਿਹਾ ਸੀ, "ਚੂਵਾਸ਼ ਭਾਸ਼ਾ ਦੇ ਸੰਬੰਧ ਵਿਚ, ਮਹਾਨ ਤੇ ਸ਼ਕਤੀਸ਼ਾਲੀ ਰੂਸੀ ਭਾਸ਼ਾ ਇਕ ਬਲਵਾਨ ਸੰਗਠਨਾਤਮਕ ਸ਼ਕਤੀ ਰਹੀ ਹੈ।"

ਉੱਨਤ ਰੂਸੀ ਸਭਿਆਚਾਰ ਨੇ ਚੂਵਾਸ਼ ਲੋਕਾਂ ਦੇ ਵਿਕਾਸ ਉਤੇ ਪ੍ਰਾਚੀਨ ਕਾਲ ਤੋਂ ਹੀ, ਅਤੇ ਖ਼ਾਸ ਕਰ ਕੇ,ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ ਪ੍ਰਭਾਵ ਪਾਇਆ ਹੈ। ਇਹੋ ਗੱਲ ਚੂਵਾਸ਼ ਭਾਸ਼ਾ ਤੇ ਵੀ ਲਾਗੂ ਹੁੰਦੀ ਹੈ। ਇਨਕਲਾਬ ਤੋਂ ਹੀ ਰੂਸੀ ਵਿਚੋਂ ਆਮ ਰਾਜਨੀਤਕ, ਦਾਰਸ਼ਨਿਕ, ਸਨਅੱਤੀ-ਟੈਕਨਾਲੋਜੀਕਲ ਤੇ ਹੋਰ ਸੰਕੇਤਕ ਸ਼ਬਦ ਲੈਕੇ ਚੂਵਾਸ਼ ਭਾਸ਼ਾ ਦੇ ਅਮੀਰ ਬਣਨ ਦਾ ਅਮਲ ਸ਼ੁਰੂ ਹੋਇਆ। ਨਵੀਂ ਸ਼ਬਦਾਵਲੀ ਚੂਵਾਸ਼ ਸਾਹਿੱਤਕ ਭਾਸ਼ਾ ਦੇ ਵਿਕਾਸ ਵਿਚ ਨਵੇਂ ਪੜਾਅ ਦੀ ਸੂਚਿਕ ਹੈ, ਜਿਹੜਾ ਸੋਵੀਅਤ ਸੋਸ਼ਲਿਸਟ ਸਮਾਜ ਦੀ ਰਚਨਾ ਦੇ ਸਿੱਟੇ ਵਜੋਂ ਲੋਕਾਂ ਦੇ ਰਾਜਨੀਤਕ ਤੇ ਸਭਿਆਚਾਰਕ ਜੀਵਨ ਵਿਚ ਆਈਆਂ ਤਬਦੀਲੀਆਂ ਨਾਲ ਸੰਬੰਧਤ ਹੈ।

ਸੋਵੀਅਤ ਯੂਨੀਅਨ ਦੀਆਂ ਕੌਮਾਂ ਦੀਆਂ ਭਾਸ਼ਾਵਾਂ ਵਿਚ ਰੂਸੀ ਤੋਂ ਹੁਦਾਰੇ ਸ਼ਬਦ ਲੈਣ ਦੀ ਸਰਗਰਮੀ ਦਾ ਅਮਲ ਜਾਰੀ ਹੈ। ਅਤਿ

Sri Satguru Jagjit Singh Ji Elibrary NamdhariElibrary@gmail.com

ਮਹੱਤਵਪੂਰਨ ਪ੍ਰਾਪਤੀਆਂ ਵਿਚ ਹਨ, ਸੋਵੀਅਤਵਾਦ*, ਅੰਤਰ-ਰਾਸ਼ਟਰੀ ਸ਼ਬਦ, ਵਿਗਿਆਨਕ, ਟੈਕਨਾਲੋਜੀਕਲ, ਦਾਰਸ਼ਨਿਕ ਤੇ ਹੋਰ ਸੰਕੇਤਾਵਲੀ। ਇਸ ਪ੍ਰਕਾਰ, ਸੋਵੀਅਤ ਲੋਕਾਂ ਦੀਆਂ ਕੌਮੀ ਭਾਸ਼ਾਵਾਂ ਰੂਸੀ ਤੋਂ ਸ਼ਬਦ-ਭੰਡਾਰ ਲੈ ਕੇ ਅਮੀਰ ਹੋਈਆਂ ਹਨ।

ਦੂਜੇ ਪਾਸੇ, ਰੂਸੀ ਸੋਵੀਅਤ ਯੂਨੀਅਨ ਦੀਆਂ ਕੌਮਾਂ ਦੀਆਂ ਦੂਜੀਆਂ ਬੋਲੀਆਂ ਤੋਂ ਉਹ ਸ਼ਬਦ ਹੁਦਾਰੇ ਲੈ ਕੇ ਅਮੀਰ ਬਣਦੀ ਹੈ ਜਿਹੜੇ ਉਹਨਾਂ ਦੇ ਨਿਜੀ ਜੀਵਨ, ਕਲਾ, ਸਾਹਿਤ, ਸਥਾਨਕ ਸੰਕੇਤਵਲੀ, ਰਵਾਜਾਂ, ਭੂਗੋਲਿਕ ਹਾਲਤਾਂ, ਵਣ ਬਗੀਚਿਆਂ, ਆਦਿ ਸਬੰਧੀ ਇਹਨਾਂ ਕੌਮਾਂ ਦੇ ਪਦਾਰਥਕ ਤੇ ਰੂਹਾਨੀ ਸਭਿਆਚਾਰ ਦੇ ਵਿਸ਼ੇਸ਼ ਵਰਤਾਰੇ ਨੂੰ ਪ੍ਰਗਟਾਉਂਦੇ ਹਨ। ਵਖ ਵਖ ਸੋਵੀਅਤ ਕੌਮਾਂ ਦੀਆਂ ਸਾਹਿਤਕ ਕਲਾਸਕੀ ਕਿਰਤਾਂ ਤੇ ਸਮਕਾਲੀ ਪ੍ਰਕਾਸ਼ਨਾਵਾਂ ਦੇ ਰੂਸੀ ਵਿਚ ਅਣਗਿਣਤ ਅਨੁਵਾਦਾਂ ਨੇ ਇਸ ਅਮਲ ਵਿਚ ਬੜੀ ਸਹਾਇਤਾ ਕੀਤੀ ਹੈ।

ਇਸ ਪ੍ਰਕਾਰ ਰੂਸੀ ਅਤੇ ਸੋਵੀਅਤ ਯੂਨੀਅਨ ਦੀਆਂ ਦੂਜੀਆਂ ਭਾਸ਼ਾਵਾਂ ਪ੍ਰਸਪਰ ਪ੍ਰਭਾਵ ਦੁਆਰਾ ਅਮੀਰ ਹੋਈਆਂ ਹਨ।

---

* ਸੋਵੀਅਤ ਜੁਗ ਵਿਚ ਪੈਦਾ ਹੋਏ ਸ਼ਬਦ, ਜਿਵੇਂ ਕੋਲਖੋਜ਼, ਸੋਵਖੋਜ਼ ਆਦਿ।

Sri Satguru Jagjit Singh Ji Elibrary NamdhariElibrary@gmail.com

ਸਾਹਿਤਕ ਭਾਸ਼ਾਵਾਂ ਦੇ ਸਮਾਜਕ ਕਰਤੱਵਾਂ ਦਾ ਪਸਾਰ

ਇਹ ਵੀ ਜ਼ਰੂਰੀ ਸੀ ਕਿ ਸਾਹਿਤਕ ਭਾਸ਼ਾਵਾਂ ਦੇ ਸਮਾਜੀ ਕਰਤੱਵਾਂ ਦਾ ਪਸਾਰ ਕੀਤਾ ਜਾਂਦਾ ਕਿਉਂਕਿ ਇਨਕਲਾਬ ਤੋਂ ਪਹਿਲਾਂ ਪੁਰਾਣੀਆਂ ਲਿਪੀਆਂ ਵਾਲੀਆਂ ਭਾਸ਼ਾਵਾਂ ਵੀ, ਜਿਵੇਂ ਕਿ ਯੂਕਰੇਨੀ, ਬੇਲੋਰੂਸੀ, ਕਜ਼ਾਖ ਤੇ ਹੋਰ ਸਕੂਲ ਦੀ ਸਿਖਿਆ ਲਈ, ਵਿਗਿਆਨਕ ਤੇ ਟੈਕਨਾਲੋਜੀਕਲ ਸਾਹਿਤ ਦੇ ਪ੍ਰਕਾਸ਼ਨ ਲਈ ਜਾਂ ਹੋਰ ਸਭਿਆਚਾਰਕ ਮਨੋਰਥਾਂ ਲਈ ਨਹੀਂ ਵਰਤੀਆਂ ਜਾਂਦੀਆਂ।

ਇਹ ਸਵਾਲ ਉਠਿਆ ਕਿ ਕਿਹੜੀਆਂ ਬੋਲੀਆਂ ਵਿਚ ਪ੍ਰਾਇਮਰੀ, ਸੈਕੰਡਰੀ, ਵਿਸ਼ੇਸ਼ ਮਿਡਲ ਤੇ ਹਾਇਰ ਸਕੂਲ ਦੀ ਵਿਦਿਆ ਦੇਣੀ, ਰਸਾਲੇ ਅਖ਼ਬਾਰ, ਸਮਾਜੀ-ਰਾਜਨੀਤਕ ਤੇ ਵਿਗਿਆਨਕ-ਟੈਕਨਾਲੋਜੀਕਲ ਸਾਹਿਤ ਪ੍ਰਕਾਸ਼ਤ ਕਰਨਾ, ਅਤੇ ਕੌਮੀ ਸਭਿਆਚਾਰ ਅਤੇ ਵਿਗਿਆਨ ਤੇ ਟੈਕਨਾਲੋਜੀ ਦੀਆਂ ਭਿੰਨ ਭਿੰਨ ਸ਼ਾਖਾਵਾਂ ਦਾ ਵਿਕਾਸ ਕਰਨਾ ਉਚਿਤ ਹੈ। ਕੀ ਸਭਨਾਂ ਭਾਸ਼ਾਵਾਂ ਦੇ ਸਮਾਜੀ ਕਰਤਵਾਂ ਵਿਚ ਸਮਾਨਤਾ ਪੈਦਾ ਕਰਕੇ ਇਹ ਕੁਝ ਕੀਤਾ ਜਾਏ, ਜਾਂ ਇਹ ਮਸਲਾ ਕਿਸੇ ਇਕ ਭਾਸ਼ਾ ਦੀਆਂ ਸੰਭਾਵਨਾਵਾਂ ਨੂੰ ਧਿਆਨ ਵਿਚ ਰਖਦਿਆਂ ਵਰਤਮਾਨ ਸਮਾਜੀ

Sri Satguru Jagjit Singh Ji Elibrary NamdhariElibrary@gmail.com

ਲੋੜਾਂ ਦੇ ਅਨੁਕੂਲ ਹਲ ਕੀਤਾ ਜਾਏ ? ਮਿਸਾਲ ਲਈ, ਕੀ ਇਹ ਲਾਹੇਵੰਦੀ ਗਲ ਸੀ ਕਿ ਸੈਕੰਡਰੀ ਤੇ ਹਾਇਰ ਸਕੂਲਾਂ ਵਿਚ ਵਿਦਿਆ ਦਾ ਮਾਧਿਅਮ ਅਬਾਜ਼ੀਨ ਭਾਸ਼ਾ ਹੁੰਦੀ ਜਿਸ ਨੂੰ ਲਗਪਗ ੨੦,੦੦੦ ਲੋਕ ਬੋਲਦੇ ਸਨ, ਜਾਂ ਨਾਨਾਈ ਹੁੰਦੀ ਜਿਹਤੀ ੮,੦੦੦ ਲੋਕਾਂ ਦੀ ਬੋਲੀ ਸੀ ? ਹਾਲ ਵਿਚ ਹੀ ਲਿਖਤ ਵਿਚ ਆਈਆਂ ਭਾਸ਼ਾਵਾਂ ਦੇ ਸਮਾਜੀ ਕਰਤਵਾਂ ਦੇ ਵਿਕਾਸ ਦੀ ਸਮੱਸਿਆ ਨੂੰ ਹਲ ਕਰਨ ਲਈ ਕਿਹੜੇ ਅਸੂਲ, ਆਦਰਸ਼ ਅਤੇ ਨਿਸ਼ਾਨੇ ਧਿਆਨ ਵਿਚ ਰਖਣੇ ਚਾਹੀਦੇ ਹਨ ? ਇਹਨਾਂ ਸਭਨਾਂ ਪ੍ਰਸ਼ਨਾਂ ਦਾ ਥੋੜੇ ਤੋਂ ਥੋੜੇ ਸਮੇਂ ਵਿਚ ਉੱਤਰ ਲੱਭਣਾ ਜ਼ਰੂਰੀ ਸੀ ।

ਸੋਵੀਅਤ ਯੂਨੀਅਨ ਵਿਚ ਕਈ ਭਾਸ਼ਾਵਾਂ ਹਨ ਜਿਨ੍ਹਾਂ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਕਈ ਕਰੋੜਾਂ ਤੋਂ ਕੁਝ ਸੈਂਕੜਿਆਂ ਤਕ ਹੈ । ਇਹੀ ਕਾਰਨ ਹੈ ਕਿ ਭਿੰਨ ਭਿੰਨ ਭਾਸ਼ਾਵਾਂ ਦੇ ਸਮਾਜੀ ਕਰਤਵਾਂ ਦੇ ਪਾਲਣ ਵਰਤੋਂ ਦੀ ਸਮੱਸਿਆ ਭਾਸ਼ਾਈ ਅਮਲ ਦੇ ਵਿਕਾਸ ਵਿਚ ਇਕ ਅਤਿ ਗੁੰਝਲਦਾਰ ਅਤੇ ਕਠਨ ਸਮੱਸਿਆ ਰਹੀ ਹੈ । ਨਿਰਸੰਦੇਹ ਇਹੀ ਕਾਰਨ ਹੈ ਕਿ ਵਖ ਵਖ ਸਮਿਆਂ ਤੇ ਸਾਹਿੱਤਕ ਭਾਸ਼ਾਵਾਂ ਦੇ ਸਮਾਜੀ ਕਰਤਵਾਂ ਦੇ ਵਿਕਾਸ ਨਾਲ ਸਬੰਧਤ ਵਖ ਵਖ, ਅਤੇ ਕਈ ਵਾਰ ਬੁਨਿਆਦੀ ਤੌਰ ਤੇ ਵਿਰੋਧੀ, ਰਾਵਾਂ ਰਹੀਆਂ ਹਨ । ਕੁਝ ਲੋਕਾਂ ਦਾ ਅਨੁਭਵ ਸੀ ਕਿ ਉਹਨਾਂ ਭਾਸ਼ਾਵਾਂ ਦੇ ਸਮਾਜੀ ਕਰਤਵਾਂ, ਜਿਹੜੀਆਂ ਕੌਮੀ ਜਾਂ ਨਸਲੀ ਗਰੁਪਾਂ ਦੁਆਰਾ ਬੋਲੀਆਂ ਜਾਂਦੀਆਂ ਹਨ ਅਤੇ ਜਿਨ੍ਹਾਂ ਦੀਆਂ ਲਿਪੀਆਂ ਹਾਲ ਵਿਚ ਹੀ ਵਿਕਸਤ ਹੋਈਆਂ ਹਨ, ਵਿਚ ਵਾਧਾ ਕਰਕੇ ਯੂਨੀਅਨ ਰੀਪਬਲਿਕਾਂ ਦੀਆਂ ਕੌਮੀ ਭਾਸ਼ਾਵਾਂ ਦੇ ਬਰਾਬਰ

Sri Satguru Jagjit Singh Ji Elibrary NamdhariElibrary@gmail.com

ਲਿਆਂਦਾ ਜਾਵੇ ਅਤੇ ਕੁਛ ਹੋਰ ਇਹ ਰਾਏ ਰਖਦੇ ਸਨ ਕਿ ਉਹਨਾਂ ਦੇ ਕਰਤਵਾਂ ਨੂੰ ਬੇਹੱਦ ਸੀਮਤ ਰਖਿਆ ਜਾਏ।

ਭਿੰਨ ਭਿੰਨ ਕੌਮੀ ਸਭਿਆਚਾਰਾਂ ਅਤੇ ਭਾਸ਼ਾਵਾਂ ਦੇ ਸੁਤੰਤਰ ਅਤੇ ਸਮਾਨ ਵਿਕਾਸ ਦੀਆਂ ਹਾਲਤਾਂ ਵਿਚ ਨਵੇਂ ਜੀਵਨ ਦੀ ਉਸਾਰੀ ਤੋਂ ਪਤਾ ਲਗਦਾ ਹੈ ਕਿ ਇਸ ਮਸਲੇ ਵਲੋਂ ਪੇਸ਼ ਕੀਤੀਆਂ ਮੁਸ਼ਕਲਾਂ ਉਤੇ ਕਿਵੇਂ ਕਾਬੂ ਪਾਇਆ ਜਾ ਸਕਦਾ ਹੈ। ਸਾਹਿਤਕ ਭਾਸ਼ਾਵਾਂ ਦੇ ਸਮਾਜੀ ਕਰਤਵਾਂ ਵਿਚ ਵਾਧਾ ਕਰਨ ਦੇ ਕੰਮ ਵਿਚ ਬਹੁਤ ਕੁਝ ਪ੍ਰਾਪਤੀ ਹੋਈ ਹੈ।

ਕੌਮੀ ਸਾਹਿਤ ਤੇ ਕਲਾ ਤੇਜ਼ੀ ਨਾਲ ਵਿਕਸਤ ਹੋ ਰਹੇ ਹਨ ਅਤੇ ਸੋਵੀਅਤ ਯੂਨੀਅਨ ਦੀਆਂ ਵਖ ਵਖ ਕੌਮਾਂ ਵਿਚਾਲੇ ਸਭਿਆਚਾਰਕ ਕਦਰਾਂ ਦੇ ਵਟਾਂਦਰੇ ਨੂੰ ਸੌਖਿਆਂ ਕਰਨ ਲਈ ਵਿਸ਼ਾਲ ਕੰਮ ਕੀਤਾ ਜਾ ਰਿਹਾ ਹੈ। ਇਸ ਕੰਮ ਵਿਚ ਸੋਵੀਅਤ ਪ੍ਰੈਸ ਵੱਡਾ ਰੋਲ ਅਦਾ ਕਰਦਾ ਹੈ।

ਪਹਿਲੀ ਛਪੀ ਰੂਸੀ ਕਿਤਾਬ ਦੇ ਸਮੇਂ ਤੋਂ ਲੈ ਕੇ ੧੯੧੭ ਤਕ ਲਗਪਗ ੩੫੦ ਸਾਲਾਂ ਵਿਚ ਰੂਸ ਵਿਚ ਤਕਰੀਬਨ ੫੫੦,੦੦੦ ਪੁਸਤਕਾਂ ਛਪੀਆਂ ਸਨ ਜਦ ਕਿ ੧੯੧੮ ਤੇ ੧੯੬੫ ਵਿਚਾਲੇ ਸੋਵੀਅਤ ਯੂਨੀਅਨ ਵਿਚ ਲਗਪਗ ੨੦ ਲੱਖ ਪੁਸਤਕਾਂ ਦੀਆਂ ਤਿੰਨ ਅਰਬ ਕਾਪੀਆਂ ਪ੍ਰਕਾਸ਼ਤ ਹੋਈਆਂ। ਇਹ ਪੁਸਤਕਾਂ ੧੪੩ ਭਾਸ਼ਾਵਾਂ ਵਿਚ ਛਪੀਆਂ ਜਿਨ੍ਹਾਂ ਵਿਚ ੮੯ ਸੋਵੀਅਤ ਕੌਮਾ ਦੀਆਂ ਭਾਸ਼ਾਵਾਂ ਅਤੇ ੫੪ ਬਦੇਸ਼ੀ ਭਾਸ਼ਾਵਾਂ ਸ਼ਾਮਲ ਹਨ।

ਪੱਤਰਕਾਵਾਂ (ਅਖ਼ਬਾਰਾਂ, ਰਸਾਲੇ, ਆਦਿ) ਵੀ ਲਗਪਗ ਸਭਨਾਂ ਸੋਵੀਅਤ ਕੌਮਾਂ ਦੀਆਂ ਭਾਸ਼ਾਵਾਂ ਵਿਚ ਛਪਦੀਆਂ ਹਨ, ਸਣੇ ਉਹਨਾਂ ਦੇ ਜਿਨ੍ਹਾਂ ਵਿਚ ਲਿਖਤ ਹਾਲ ਵਿਚ ਹੀ ਆਰੰਭ ਹੋਈ। ਇਕੱਲੇ ੧੯੬੫

Sri Satguru Jagjit Singh Ji Elibrary NamdhariElibrary@gmail.com

ਵਿਚ ਹੀ ਲਗਪਗ ੧੨,੦੦੦ ਰਸਾਲੇ, ਅਖ਼ਬਾਰਾਂ ਤੇ ਹੋਰ ਪੱਤਰਕਾਵਾਂ ਦਾ ਪ੍ਰਕਾਸ਼ਨ ਹੋਇਆ। ਛਪੀਆਂ ਕਾਪੀਆਂ ਦੀ ਕੁਲ ਗਿਣਤੀ ੨੫.੫ ਅਰਬ ਸੀ।

ਸੋਵੀਅਤ ਵਕਤਾਂ ਵਿਚ ਲਿਖਤ ਵਿਚ ਆਈਆਂ ਭਾਸ਼ਾਵਾਂ ਵਿਚ ਸਾਹਿਤ ਦਾ ਪ੍ਰਕਾਸ਼ਨ ਵਿਸ਼ੇਸ਼ ਮਹੱਤਤਾ ਵਾਲੀ ਗਲ ਹੈ। ਇਸ ਨਾਲ ਇਹਨਾਂ ਭਾਸ਼ਾਵਾਂ ਦੇ ਵਿਕਾਸ ਵਿਚ ਵਾਧਾ ਹੁੰਦਾ ਹੈ, ਇਹ ਅਮੀਰ ਬਣਦੀਆਂ ਹਨ ਅਤੇ ਇਹਨਾਂ ਦੇ ਸਮਾਜੀ ਕਰਤਵਾਂ ਵਿਚ ਵਾਧਾ ਹੁੰਦਾ ਹੈ। ਦੂਜੇ ਪਾਸੇ ਆਪਣੀ ਮਾਂ-ਬੋਲੀਆਂ ਵਿਚ ਅਖ਼ਬਾਰਾਂ ਤੇ ਕਿਤਾਬਾਂ ਪੜ੍ਹਨ ਦਾ ਮੌਕਾ ਸਬੰਧਤ ਕੌਮਾਂ ਦਾ ਆਧੁਨਿਕ ਸਭਿਆਚਾਰ ਤੇ ਗਿਆਨ ਨਾਲ ਸੰਪਰਕ ਕਰਾਉਂਦਾ ਹੈ ਅਤੇ ਉਹਨਾਂ ਨੂੰ ਵਰਤਮਾਨ ਵਿਕਾਸ ਤੋਂ ਸੂਚਿਤ ਕਰਕੇ, ਲੋਕ ਜੀਵਨ ਵਿਚ ਸਰਗਰਮ ਹਿੱਸਾ ਲੈਣ ਦੇ ਯੋਗ ਬਣਾਉਂਦਾ ਹੈ।

ਰੂਸੀ ਅਤੇ ਬਦੇਸ਼ੀ ਲੇਖਕਾਂ ਦੀਆਂ ਗਲਪ, ਵਿਗਿਆਨ ਤੇ ਟੈਕਨਾਲੋਜੀ ਸਬੰਧੀ ਪੁਸਤਕਾਂ ਸੋਵੀਅਤ ਯੂਨੀਅਨ ਦੀ ਲਗਪਗ ਹਰ ਭਾਸ਼ਾ ਵਿਚ ਅਨੁਵਾਦੀਆਂ ਗਈਆਂ ਹਨ। ਯੂਕਰੇਨੀ, ਲਾਤਵੀ, ਜਾਰਜੀਆਈ, ਕਜ਼ਾਖ਼ ਤੇ ਹੋਰ ਲੇਖਕਾਂ ਦੀਆਂ ਪੁਸਤਕਾਂ ਰੂਸੀ ਵਿਚ ਅਤੇ ਦੂਜੀਆਂ ਭਰਾਤਰੀ ਕੌਮਾਂ ਦੀਆਂ ਭਾਸ਼ਾਵਾਂ ਵਿਚ ਅਨੁਵਾਦੀਆਂ ਗਈਆਂ ਹਨ। ਇਸ ਪ੍ਰਕਾਰ ਸਭ ਸੋਵੀਅਤ ਲੋਕ ਇਕ ਦੂਜੇ ਦੇ ਸਾਹਿਤਕ ਤੇ ਵਿਗਿਆਨਕ ਵਿਰਸੇ ਵਿਚ ਭਾਈਵਾਲ ਬਣਨ ਦੇ ਯੋਗ ਹੋਏ ਹਨ। ਕੌਮੀ ਸਭਿਆਚਾਰਾਂ ਦੀ ਪ੍ਰਸਪਰ ਅਮੀਰੀ ਦਾ ਇਹ ਅਮਲ ਕੌਮਾਂ ਦੀ ਮਿੱਤਰਤਾ ਤੇ ਭਰਾਤਰੀ ਮਿਲਵਰਤਨ ਨੂੰ ਮਜ਼ਬੂਤ ਕਰਦਾ ਹੈ

Sri Satguru Jagjit Singh Ji Elibrary NamdhariElibrary@gmail.com

ਅਤੇ ਸੋਸ਼ਲਿਸਟ ਸਮਾਜ ਦੀ ਸਦਾਚਾਰਕ ਤੇ ਰਾਜਨੀਤਕ ਏਕਤਾ ਵਿਚ ਵਾਧਾ ਕਰਦਾ ਹੈ।

ਹਰ ਕੌਮ ਦੀਆਂ ਕੌਮੀ ਰਵਾਇਤਾਂ ਲਈ ਉਚਿਤ ਲੋੜ ਅਨੁਕੂਲ ਕੌਮੀ ਸਭਿਆਚਾਰਾਂ ਤੇ ਭਾਸ਼ਾਵਾਂ ਦੇ ਵਿਕਾਸ ਦਾ ਹਰ ਮੌਕਾ ਮੁਹੱਈਆ ਕਰ ਕੇ ਸੋਵੀਅਤ ਯੂਨੀਅਨ ਇਸ ਨੀਤੀ ਉਤੇ ਚਲਦੇ ਰਹਿਣ ਦਾ ਇੱਛਕ ਹੈ ਕਿ ਹਰ ਸੋਵੀਅਤ ਨਾਗਰਿਕ ਨੂੰ ਇਹ ਪੂਰਨ ਖੁਲ੍ਹ ਹੋਵੇ ਕਿ ਉਹ ਕੋਈ ਵੀ ਭਾਸ਼ਾ ਬੋਲੇ, ਆਪਣੇ ਬੱਚਿਆਂ ਨੂੰ ਆਪਣੀ ਮਨ-ਮਰਜ਼ੀ ਦੀ ਬੋਲੀ ਸਿਖਾਏ ਪੜ੍ਹਾਏ, ਅਤੇ ਜਿਥੋਂ ਤਕ ਭਾਸ਼ਾ ਦਾ ਸੰਬੰਧ ਹੈ ਕੋਈ ਵਿਸ਼ੇਸ਼-ਅਧਿਕਾਰ ਸਹੂਲਤਾਂ, ਪਾਬੰਦੀਆਂ ਜਾਂ ਦਮਨ ਨਹੀਂ ਹੋਵੇ।

Sri Satguru Jagjit Singh Ji Elibrary NamdhariElibrary@gmail.com

ਭਾਸ਼ਾਵਾਂ ਦਾ ਇਤਿਹਾਸਕ ਵਿਕਾਸ

ਲਿਪੀਆਂ ਦੀ ਰਚਨਾ ਕਰਨ ਅਤੇ ਸਾਹਿਤਕ ਭਾਸ਼ਾਵਾਂ ਨੂੰ ਵਿਕਸਾਉਣ ਸਬੰਧੀ ਸੋਵੀਅਤ ਤਜਰਬੇ ਨੂੰ ਸੰਸਾਰ-ਵਿਆਪੀ ਮਾਨਤਾ ਮਿਲੀ ਹੈ, ਭਾਵੇਂ ਕੁਝ ਬਦ-ਗੁਮਾਨ ਦਰਸ਼ਕਾਂ ਨੇ ਇਸ ਨੂੰ "ਨਿਰੋਲ ਰੂਸੀ ਸੋਵੀਅਤ-ਵਰਤਾਰਾ" ਆਖਿਆ ਹੈ ਜਿਨ੍ਹਾਂ ਨੇ ਇਹ ਸਿਧ ਕਰਨਾ ਮਿਥਿਆ ਹੈ ਕਿ ਇਹ ਕੰਮ ਸੰਸਾਰ ਦੀਆਂ ਸਾਹਿਤਕ ਭਾਸ਼ਾਵਾਂ ਦੇ ਵਿਕਾਸ ਦੇ ਇਤਿਹਾਸਕ ਤੌਰ ਤੇ ਸਥਾਪਤ ਨੇਮਾਂ ਵਲ ਉਚਿਤ ਧਿਆਨ ਦਿਤੇ ਬਿਨਾਂ ਹੀ ਕੀਤਾ ਗਿਆ ਹੈ ਅਤੇ, ਫਲਸਰੂਪ, ਇਕ ਸਭਿਆਚਾਰਕ ਇਨਕਲਾਬ ਲਿਆਉਣ ਦੀ ਸੋਵੀਅਤ ਵਿਧੀ ਦੂਜੇ ਦੇਸ਼ਾਂ ਵਿਚ ਨਹੀਂ ਵਰਤੀ ਜਾ ਸਕਦੀ।

ਕੀ ਇਹ ਰਾਏ ਠੀਕ ਹੈ ? ਨਿਸਚੇ ਹੀ ਨਹੀਂ। ਸ਼ਾਇਦ ਹੋਰ ਕੋਈ ਅਜਿਹਾ ਦੇਸ਼ ਨਹੀਂ ਜਿਥੇ ਸਾਹਿੱਤਕ ਭਾਸ਼ਾਵਾਂ ਦੇ ਵਿਕਾਸ ਦਾ ਵਿਸ਼ਲੇਸ਼ਣ ਤੇ ਸਮਾਨੀਕਰਨ ਕਰਨ ਲਈ ਇਨਾਂ ਕੁਝ ਕੀਤਾ ਗਿਆ ਹੋਵੇ।

ਬਹੁਤ ਹੀ ਥੋੜੇ ਸਮੇਂ ਵਿਚ ਨਵੀਆਂ ਸਾਹਿਤਕ ਭਾਸ਼ਾਵਾਂ ਦਾ ਵਿਕਾਸ ਇਕ ਉੱਕਾ ਹੀ ਨਵਾਂ ਤਜਰਬਾ ਸੀ। ਸੋਵੀਅਤ ਯੂਨੀਅਨ ਨੇ ਇਸ ਸਮੱਸਿਆ ਨੂੰ ਹੱਥ ਪਾਉਣ ਲਗਿਆਂ ਸਬੰਧਤ ਕੌਮਾਂ ਦੀਆਂ

Sri Satguru Jagjit Singh Ji Elibrary NamdhariElibrary@gmail.com

ਇੱਛਾਵਾਂ, ਸਜੀਵ ਲੋੜਾਂ ਅਤੇ ਹਿਤਾਂ ਨੂੰ ਅਤੇ ਸੰਸਾਰ ਦੀਆਂ ਭਾਸ਼ਾਵਾਂ ਦੇ ਵਿਕਾਸ ਤੇ ਕੰਮ ਸਬੰਧੀ ਤਜਰਬੇ ਨੂੰ ਬਰਾਬਰ ਰੂਪ ਵਿਚ ਸਾਹਮਣੇ ਰਖਿਆ ਹੈ। ਇਸ ਸਬੰਧ ਵਿਚ ਸਾਹਿੱਤਕ ਭਾਸ਼ਾਵਾਂ ਦੀਆਂ ਭਿੰਨ ਭਿੰਨ ਕਿਸਮਾਂ ਦੀ ਉਹਨਾਂ ਦੇ ਸਮਾਜੀ ਕਰਤਵਾਂ ਅਨੁਸਾਰ, ਪ੍ਰੀਭਾਸ਼ਾ ਕਰਨ ਨੂੰ ਵਿਸ਼ੇਸ਼ ਮਹੱਤਤਾ ਦਿਤੀ ਗਈ ਸੀ।

ਅਥਾਹ ਸਮਾਜੀ, ਸਿਧਾਂਤਕ ਭਾਸ਼ਾਈ ਤੇ ਅਮਲੀ ਮਹੱਤਤਾ ਵਾਲੇ ਇਸ ਮਾਮਲੇ ਨੂੰ, ਸੋਵੀਅਤ ਕੌਮਾਂ ਦੀਆਂ ਭਾਸ਼ਾਵਾਂ ਅਤੇ ਸੰਸਾਰ ਦੀਆਂ ਸਾਹਿੱਤਕ ਭਾਸ਼ਾਵਾਂ ਦੇ ਵਿਕਾਸ ਦੇ ਅਧਿਅਨ ਦੇ ਬਲ ਉਤੇ, ਸੋਵੀਅਤ ਯੂਨੀਅਨ ਵਿਚ ਇਕ ਵਖਰੀ ਭਾਸ਼ਾ-ਸਮਾਜ-ਵਿਗਿਆਨਕ ਸਮੱਸਿਆ ਵਜੋਂ ਪਹਿਲਾਂ ਨਿਖੇੜਿਆ ਗਿਆ ਸੀ।

ਸਮਕਾਲੀ ਸਾਹਿੱਤਕ ਭਾਸ਼ਾਵਾਂ ਮਨੁੱਖੀ ਸਮਾਜ ਵਲੋਂ ਤੈਅ ਕੀਤੇ ਵਲੇਵੇਂਦਾਰ ਮਾਰਗ ਦੀ ਝਲਕ ਦੇਂਦੀਆਂ ਹਨ। ਵਖ ਵਖ ਢੰਗਾਂ ਨਾਲ ਰੂਪ ਧਾਰਨ ਕਰ ਕੇ, ਉਹਨਾਂ ਨੇ ਬੀਤੇ ਵਿਚ ਭਿੰਨ ਭਿੰਨ ਸਮਾਜੀ ਕਰਤਵ ਪਾਲੇ ਹਨ ਜਿਵੇਂ ਉਹ ਅੱਜ ਪਾਲਦੀਆਂ ਹਨ।

ਉੱਨਤ ਸਾਹਿੱਤਕ ਭਾਸ਼ਾਵਾਂ ਦੀ ਰਚਨਾ ਗੁੰਝਲਦਾਰ ਢੰਗ-ਤਰੀਕਿਆਂ ਨਾਲ ਹੋਈ ਹੈ।

ਇਕ ਸਾਹਿੱਤਕ ਭਾਸ਼ਾ ਦਾ ਸੰਕਲਪ ਇਕ ਕੌਮੀ ਭਾਸ਼ਾ* ਜਾਂ ਸਰਕਾਰੀ ਬੋਲੀ, ਦੋਹਾਂ ਦੇ ਮਿਸ਼ਰਣ ਤੋਂ ਵਧੇਰੇ ਵਿਸ਼ਾਲਤਰ ਹੈ।

ਇਸ ਪਖੋਂ ਸਰਕਾਰੀ ਬੋਲੀ ਅਤੇ ਇਕ ਕੌਮੀ ਬੋਲੀ ਦੇ ਸੰਕਲਪਾਂ

---

* ਇਥੇ "ਕੌਮੀ ਭਾਸ਼ਾ" ਤੋਂ ਮਤਲਬ ਇਕ ਕੌਮੀਅਤ ਦੀ ਭਾਸ਼ਾ ਹੈ।

Sri Satguru Jagjit Singh Ji Elibrary NamdhariElibrary@gmail.com

ਵਿਚ ਅੰਤਰ ਹੈ। ਮਿਸਾਲ ਲਈ, ਭਾਰਤ ਵਿਚ ਸਰਕਾਰੀ ਬੋਲੀ ਹਿੰਦੀ ਹੈ, ਅਤੇ ਇਸ ਦੇ ਨਾਲ ਹੀ ਇਹ 'ਹਿੰਦੁਸਤਾਨੀ' ਪ੍ਰਦੇਸ਼ਾਂ ਦੇ ਲੋਕਾਂ ਦੀ ਕੌਮੀ ਭਾਸ਼ਾ ਹੈ। ਇਹੀ ਸਥਿਤੀ ਇੰਡੋਨੇਸ਼ੀਆ ਦੀ ਮਲਾਈ-ਆਧਾਰਤ ਸਰਕਾਰੀ ਭਾਸ਼ਾ ਦੀ ਹੈ।

ਪਰੰਤੂ, ਕੁਝ ਹਾਲਤਾਂ ਵਿਚ ਇਹ ਸੰਕਲਪ ਇਕ ਦੂਜੇ ਨਾਲ ਘੁਲ-ਮਿਲ ਜਾਂਦੇ ਹਨ। ਉਦਾਹਰਣ ਲਈ, ਸਾਹਿੱਤਕ ਰੂਸੀ ਇਕੋ ਸਮੇਂ ਇਕ ਕੌਮੀ ਭਾਸ਼ਾ ਵੀ ਹੈ ਅਤੇ ਰਾਸ਼ਟਰ-ਵਿਆਪੀ ਸੰਪਰਕ ਭਾਸ਼ਾ ਵੀ। ਕਿਉਂਕਿ ਸਾਡੇ ਮਨੋਰਥ ਲਈ ਸਾਹਿੱਤਕ ਤੇ ਕੌਮੀ ਭਾਸ਼ਾਵਾਂ ਵਿਚ ਲੀਕ ਖਿਚਣਾ ਵਾਧੂ ਗਲ ਹੈ, ਅਸੀਂ ਕਈ ਵਾਰ ਇਹਨਾਂ ਸੰਕੇਤਾਂ ਨੂੰ ਸਮ-ਆਰਥਕ ਰੂਪ ਵਿਚ ਵਰਤ ਲੈਂਦੇ ਹਾਂ। ਫੇਰ ਵੀ, ਇਹਨਾਂ ਦੋ ਸੰਕਲਪਾਂ ਦੇ ਉਘੜਵੇਂ ਲੱਛਣਾਂ ਦੇ ਦੋਵੇਂ; ਨਿਖੜਵੇਂ ਤੇ ਮਿਲਵੇਂ, ਖ਼ਾਸਿਆਂ ਦੀ ਮਹੱਤਤਾ ਹੈ।

ਧਰਤੀ ਤੇ ਵਸਦੀਆਂ ੯੦੦ ਕੌਮਾਂ ਵਿਚੋਂ ਕੇਵਲ ੩੩ ਹਨ ਜਿਨ੍ਹਾਂ ਦੀ ਗਿਣਤੀ ਇਕ ਕਰੋੜ ਤੋਂ ੫ ਕਰੋੜ ਹੈ, ਅਤੇ ਕੇਵਲ ਦਸ ਕੌਮਾਂ ਦੀ ਗਿਣਤੀ ੫ ਕਰੋੜ ਤੋਂ ਉਤੇ ਹੈ। ਪਰਤੱਖ ਹੈ ਕਿ ਮਗਰਲੀਆਂ ਨੂੰ ਹੀ ਸੰਸਾਰ ਦੀਆਂ ਵਡੀਆਂ ਕੌਮਾਂ ਆਖਿਆ ਜਾ ਸਕਦਾ ਹੈ। ਪਰੰਤੂ, ਸਾਹਿੱਤਕ ਭਾਸ਼ਾਵਾਂ ਦੀ ਗਿਣਤੀ ਇਸ ਗਿਣਤੀ ਤੋਂ ਬਹੁਤ ਉਤੇ ਚਲੀ ਜਾਂਦੀ ਹੈ। ਇਕੱਲੇ ਸੋਵੀਅਤ ਯੂਨੀਅਨ ਵਿਚ ਹੀ ਇਹ ਲਗ ਪਗ ੭੦ ਹਨ।

ਸੰਸਾਰ ਦੀਆਂ ਸਾਹਿਤਕ ਭਾਸ਼ਾਵਾਂ ਦੀ ਚੋਖੀ ਵਡੀ ਗਿਣਤੀ ਦਾ ਇਕ ਲੰਮਾ ਇਤਿਹਾਸ ਹੈ। ਉਹਨਾਂ ਵਿਚੋਂ ਬਹੁਤ ਸਾਰੀਆਂ ਭੂਤ-ਪੂਰਵ ਅੰਤਰ-ਰਾਸ਼ਟਰੀ ਭਾਸ਼ਾਵਾਂ, ਜਿਵੇਂ ਯੂਰਪ ਵਿਚ ਲੈਟਿਨ, ਅਰਬ ਪੂਰਬ

Sri Satguru Jagjit Singh Ji Elibrary NamdhariElibrary@gmail.com

ਵਿਚ ਅਰਬੀ, ਆਦਿ, ਤੋਂ ਅਗੇ ਲੰਘ ਗਈਆਂ।

ਇਤਾਲਵੀ ਭਾਸ਼ਾ ਨੇ, ਜਿਸ ਦਾ ਸੋਮਾ ਦਾਂਤੇ, ਪੇਤਰਾਰਕ ਅਤੇ ਬੋਕਾਕੀਓ ਵਿਚ ਲਭਿਆ ਜਾ ਸਕਦਾ ਹੈ, ਲਾਤੀਨੀ ਨੂੰ ਪਛਾੜ ਦਿਤਾ ਅਤੇ ਜੀਉਂਦੀ ਲੋਕ ਬੋਲੀ, ਖ਼ਾਸ ਕਰ ਕੇ ਫਲੋਰਨਟੀਨ, ਦੇ ਆਧਾਰ ਉਤੇ ਵਿਕਸਤ ਹੋਈ। ਇਹ ਸੱਚ ਹੈ ਕਿ ਦੇਸ਼ ਦੇ ਸਮਕਾਲੀ ਸਮਾਜੀ-ਰਾਜਨੀਤਕ ਹਾਲਾਤ ਨੇ ਸਾਧਾਰਨ ਇਤਾਲਵੀ ਕੌਮੀ ਭਾਸ਼ਾ ਦੀ ਅੰਤਮ-ਰੂਪ ਰਚਨਾ ਵਿਚ ਵੱਡਾ ਅੜਿੱਕਾ ਡਾਹਿਆ ਸੀ। ੧੯-ਵੀਂ ਸਦੀ ਦੇ ਅਖ਼ੀਰ ਤੇ ਵੀ, ਇਤਾਲਵੀ ਲੋਕਾਂ ਨੂੰ ਹਾਲੇ ਆਮ ਸਾਹਿਤਕ ਭਾਸ਼ਾ ਨਹੀਂ ਸੀ ਮਿਲੀ। ਕੇਵਲ ੨੦-ਵੀਂ ਸਦੀ ਵਿਚ ਰੇਡੀਓ ਦੇ ਆਗਮਨ ਤੇ ਪ੍ਰੈਸ ਦੇ ਵਿਕਾਸ ਨਾਲ, ਅਤੇ ਸਾਹਿਤ ਵਿਚ ਯਥਾਰਥਵਾਦੀ ਪ੍ਰਵਿਰਤੀ ਦੇ ਵਧਦੇ ਪ੍ਰਭਾਵ ਸਦਕਾ ਹੀ ਇਹ ਹੋਇਆ ਕਿ ਸਮਕਾਲੀ ਫਲੋਰਨਟੀਨ ਉਪ-ਭਾਖਾ ਇਤਾਲਵੀ ਲੋਕਾਂ ਦੀ ਆਮ ਭਾਸ਼ਾ ਬਣੀ।

ਜਰਮਨੀ ਦੇ ਇਕਹਿਰੇ ਰਾਜਨੀਤਕ ਤੇ ਆਰਥਕ ਢਾਂਚੇ ਸਦਕਾ, ਸਾਹਿਤਕ ਜਰਮਨ ਨੇ ਵੀ ੧੬-ਵੀਂ ਤੋਂ ੧੯-ਵੀਂ ਸਦੀ ਤਕ ਸਹਿਜ ਸਹਿਜ ਰੂਪ ਫੜਿਆ। ਦੂਜੇ ਪਾਸੇ, ਫ਼ਰਾਂਸੀਸੀ ੧੬-ਵੀਂ ਸਦੀ ਵਿਚ ਇਕ ਆਮ ਸਾਹਿਤਕ ਤੇ ਕੌਮੀ ਬੋਲੀ ਬਣ ਗਈ।

ਸਾਹਿਤਕ ਅੰਗਰੇਜ਼ੀ ਦੀ ਸਮਾਜੀ ਤੇ ਰਾਜਸੀ ਪਿਠ-ਭੂਮੀ ਖ਼ਾਸ ਕਿਸਮ ਦੀ ਤੇ ਗੁੰਝਲਦਾਰ ਸੀ। ਲੰਡਨ ਦੀ ਉਪ-ਭਾਖ਼ਾ, ਜਿਸ ਦੇ ਆਧਾਰ ਤੇ ਇਹ ਬੋਲੀ ਉਤਪੰਨ ਹੋਈ, ਪਹਿਲਾਂ ਪਹਿਲ ਉਤਪਤੀ ਦੇ ਪਖੋਂ ਵਿਕੋਲਿਤਰੇ ਲੱਛਣਾਂ ਵਾਲੀ ਇਕ ਮਿਸ਼ਰਤ ਇਲਾਕਾਈ ਉਪਭਾਖ਼ਾ ਵਜੋਂ ਨਿਤਰੀ। ਇਹ ਚੇਤੇ ਰਖਣਾ ਚਾਹੀਦਾ ਹੈਕਿ ਸਾਹਿਤਕ ਅੰਗਰੇਜ਼ੀ ਨੂੰ

Sri Satguru Jagjit Singh Ji Elibrary NamdhariElibrary@gmail.com

ਆਪਣੀ ਰਚਨਾ ਦੇ ਅਮਲ ਵਿਚ ਅਣਗਣਿਤ ਉਪ-ਭਾਖਾਵਾਂ ਦੇ ਪ੍ਰਭਾਵ ਉਤੇ ਅਤੇ ਫ਼ਰਾਂਸੀਸੀ ਦੇ ਗ਼ਲਬੇ ਉਤੇ ਕਾਬੂ ਪਾਉਣਾ ਪਿਆ ਜਿਹੜੀ ਰਾਜ ਦੀ ਸਰਕਾਰੀ ਭਾਸ਼ਾ ਵੀ ਸੀ ਅਤੇ ਸਾਹਿਤਕ ਰਚਨਾਵਾਂ ਵਿਚ ਵੀ ਵਿਸ਼ਾਲ ਰੂਪ ਵਿਚ ਵਰਤੀ ਜਾਂਦੀ ਸੀ।

ਆਧੁਨਿਕ ਸਾਹਿਤਕ ਰੂਸੀ ਦਾ ਰੂਪ ਭਿੰਨ ਭਿੰਨ ਭਾਸ਼ਾ ਪ੍ਰਣਾਲੀਆਂ ਦੇ ਆਧਾਰ ਉਤੇ ੧੯-ਵੀਂ ਸਦੀ ਵਿਚ ਨਿਖਰਿਆ ਅਤੇ ਇਸ ਨੇ ਪੁਰਾਣੇ ਸਲਾਵਿਕ ਅੰਸ਼ਾਂ, ਮਾਸਕੋ ਪ੍ਰਦੇਸ਼ ਦੀ ਬੋਲੀ ਅਤੇ ਵਖ ਵਖ ਸਮਿਆਂ ਤੇ ਯੂਨਾਨੀ, ਲਾਤੀਨੀ, ਜਰਮਨ, ਫ਼ਰਾਂਸੀਸੀ ਅਤੇ ਹੋਰ ਭਾਸ਼ਾਵਾਂ ਤੋਂ ਲਏ ਸ਼ਬਦ ਆਦਿ ਆਪਣੇ ਵਿਚ ਸਮੋ ਲਏ। ਇਸ ਲਈ ਇਹ ਕੁਦਰਤੀ ਹੈ ਕਿ ਇਹ ਇਕ ਬੇਹੱਦ ਵਿਅਕਤੀਗਤ ਅਤੇ ਜਟਿਲ ਸਾਹਿਤਕ ਭਾਸ਼ਾ ਹੋਣ ਦੇ ਨਾਲ ਹੀ ਸੰਸਾਰ ਦੀਆਂ ਅਤਿ ਵਿਕਸਤ ਤੇ ਅਮੀਰ ਭਾਸ਼ਾਵਾਂ ਵਿਚੋਂ ਇਕ ਹੁੰਦੀ।

ਦੂਜੀਆਂ ਕੌਮੀ ਯੂਰਪੀ ਭਾਸ਼ਾਵਾਂ, ਜਿਵੇਂ ਰੁਮਾਨੀਅਨ, ਹੰਗੇਰੀਅਨ, ਚੈਕ, ਨਾਰਵੇਜੀਅਨ, ਡੇਨਿਸ਼ ਅਤੇ ਡੱਚ, ਰਾਸ਼ਟਰਾਂ ਦੀ ਰਚਨਾ ਤੇ ਸਰਮਾਏਦਾਰੀ ਦੇ ਵਿਕਾਸ ਦੇ ਦੌਰ ਵਿਚ ਰੂਪਮਾਨ ਹੋਈਆਂ। ਇਤਿਹਾਸਕੀ-ਭਾਸ਼ਾਈ ਪੱਖ ਤੋਂ ਵਿਚਾਰਿਆਂ, ਇਹਨਾਂ ਭਾਸ਼ਾਵਾਂ ਤੋਂ ਇਹ ਵੀ ਪਰਤੱਖ ਹੁੰਦਾ ਹੈ ਕਿ ਸਬੰਧਕੀ ਰੂਪ ਵਿਚ ਛੋਟੀਆਂ ਕੌਮਾਂ ਦੀਆਂ ਕੌਮੀ ਸਾਹਿਤਕ ਭਾਸ਼ਾਵਾਂ ਦੇ ਭਿੰਨ ਭਿੰਨ ਪ੍ਰਕਾਰ ਕਿਵੇਂ ਰੂਪਮਾਨ ਹੋਏ। ਮਿਸਾਲ ਲਈ, ਸਾਹਿਤਕ ਡੱਚ ਦਾ ਇਤਿਹਾਸ ਤਿੰਨ ਵਖ ਵਖ ਉਪ-ਭਾਖ਼ਾਵਾਂ — ੧੩-ਵੀਂ ੧੪-ਵੀਂ ਸਦੀ ਵਿਚ ਫਲੇਮਿਸ਼, ੧੪-ਵੀਂ ੧੫-ਵੀਂ ਸਦੀ ਵਿਚ ਬਰਾਬਨਤ, ਅਤੇ ੧੬-ਵੀਂ ਤੇ ੧੭-ਵੀਂ ਸਦੀ

Sri Satguru Jagjit Singh Ji Elibrary NamdhariElibrary@gmail.com

ਡਚ — ਤੇ ਆਧਾਰਤ ਭਾਸ਼ਾ ਦੀਆਂ ਤਿੰਨ ਵੰਨਗੀਆਂ ਦੀ ਨਿਰੰਤਰਤਾ ਦਾ ਅਮਲ ਪੇਸ਼ ਕਰਦਾ ਹੈ। ਨੀਦਰਲੈਂਡ ਦੀ ਕੌਮੀ ਭਾਸ਼ਾ ਦੇ ਆਮ ਸਾਹਿਤਕ ਨੇਮਾਂ ਦੇ ਰੂਪ ਧਾਰਨ ਦਾ ਸਵਾਲ ਦੋ ਤਤਾਂ ਦੇ ਪ੍ਰਸਪਰ-ਪ੍ਰਭਾਵ ਤੇ ਪ੍ਰਸਪਰ-ਵਿਰੋਧੀ ਅਮਲ ਸੀ : ਸਾਹਿਤਕ ਭਾਸ਼ਾ, ਜਿਸ ਨੇ ਨੀਦਰਲੈਂਡ ਦੀ ਭਾਸ਼ਾ ਦੀ ਲਿਖਤੀ ਵੰਨਗੀ ਲਈ ਆਧਾਰ ਮੁਹੱਈਆ ਕੀਤਾ, ਦੀ ਦੱਖਣੀ ਨੀਦਰਲੈਂਡ ਵੰਨਗੀ ਦੀ ਪੁਰਾਣੀ ਲਿਖਤੀ ਸਾਹਿਤ ਦੀ ਰਵਾਇਤ ਅਤੇ ਇਸ ਦੀ ਲੌਕਿਕ ਵੰਨਗੀ ਦਾ ਨਵਾਂ ਵਿਕੋਲਿਤਰਾ ਡੱਚ ਉਪ-ਭਾਖਾ ਆਧਾਰ। ਗੱਲ ਬਾਤ ਦੀ ਬੋਲੀ ਦੇ ਸਹਿਜ ਸਹਿਜ ਨਾਰਮਲ ਹੋਣ ਵਿਚ ਅਤੇ ਫਲਸਰੂਪ ਲਿਖਤੀ ਰੂਪ ਵਲ ਨਿਕਟ-ਵਰਤੀ ਪਹੁੰਚ ਵਿਚ ਅਤੇ ਲਿਖਤੀ ਰੂਪ ਦੇ ਅਤਿ ਸਨਾਤਨੀ ਲੱਛਣਾਂ ਦੇ ਖ਼ਾਤਮੇ, ਵਿਚੋਂ ਇਹ ਅਮਲ ਪਰਤੱਖ ਹੁੰਦਾ ਹੈ।

ਯੂਰਪੀ ਕੌਮੀ ਭਾਸ਼ਾਵਾਂ ਦੀ ਰਚਨਾ ਤੇ ਵਿਕਾਸ ਨਾਲ, ਇਹਨਾਂ ਦੇ ਸਮਾਜੀ ਕਰਤੱਵਾਂ ਵਿਚ ਵਾਧਾ ਹੋਇਆ ਅਤੇ ਇਹਨਾਂ ਨੇ ਅੰਤਰ-ਰਾਸ਼ਟਰੀ ਸੰਪਰਕ ਦੀਆਂ ਮੁਰਦਾ ਭਾਸ਼ਾਵਾਂ ਜਿਵੇਂ ਕਿ ਲਾਤੀਨੀ (ਬਰਤਾਨੀਆ, ਫਰਾਂਸ ਤੇ ਇਟਲੀ) ਅਤੇ ਜੀਉਂਦੀਆਂ ਬਦੇਸ਼ੀ ਭਾਸ਼ਾਵਾਂ, ਜਿਵੇਂ ਫ਼ਰਾਂਸੀਸੀ (ਬਰਤਾਨੀਆਂ ਤੇ ਰੂਸ ਦੀ) ਦੀ ਦੈਨਿਕ ਵਰਤੋਂ ਖ਼ਤਮ ਕਰ ਦਿਤੀ।

ਅਰਬੀ ਦੀ ਉਦਾਹਰਣ ਬਹੁਤ ਪੱਖਾਂ ਤੋਂ ਇਕ ਉਜਲੀ ਮਿਸਾਲ ਹੈ।

ਅੰਤਰ-ਕਬੀਲਾ ਸਾਹਿਤਕ ਅਰਬੀ ਭਾਸ਼ਾ ਜਿਹੜੀ ੭-ਵੀਂ ਸਦੀ ਦੇ ਦੂਜੇ ਚੁਥਾਈ ਹਿਸੇ — ਅਰਬੀ ਫਤਿਹਯਾਬੀਆਂ ਦਾ ਦੌਰ — ਅਰੇਬੇਅਨ ਟਾਪੂਹਾਰ ਵਿਚ ਪ੍ਰਚਲਤ ਹੋਈ, ਦੋ ਰੂਪਾਂ ਵਿਚ ਅਧੀਨ

Sri Satguru Jagjit Singh Ji Elibrary NamdhariElibrary@gmail.com

ਦੇਸ਼ਾਂ ਅੰਦਰ ਧਸੀਂ। ਇਸ ਦੇ ਸਾਹਿਤਕ ਰੂਪ ਨੇ ਸਰਕਾਰੀ ਭਾਸ਼ਾ ਦਾ, ਨਵੀਂ ਧਾਰਮਕ ਵਿਚਾਰਧਾਰਾ, ਇਸਲਾਮ, ਕਵਿਤਾ ਦੀ ਭਾਸ਼ਾ ਦਾ, ਅਤੇ ਭਾਗ ਸਮ ਰੂਪ ਵਿਚ ਹਾਕਮ ਤਬਕੇ ਦੀ ਭਾਸ਼ਾ ਦਾ ਕੰਮ ਦਿਤੀ। ਇਸ ਦੇ ਉਪ-ਭਾਖਾਈ ਰੂਪ ਧਾੜਵੀਆਂ ਦੀ ਰਸਮੀ ਲੌਕਿਕ ਭਾਸ਼ਾ ਵਜੋਂ ਵਰਤੇ ਗਏ। ੮-ਵੀਂ ਸਦੀ ਵਿਚ ਸਾਹਿਤਕ ਅਰਬੀ ਨੇ ਪੱਛਮੀ ਏਸ਼ੀਆ, ਉਤਰੀ ਅਫ਼ਰੀਕਾ ਅਤੇ ਯੂਰਪ (ਇਬਰੀਅਨ ਟਾਪੂਹਾਰ) ਦੇ ਬਹੁਤ ਸਾਰੇ ਦੇਸ਼ਾਂ ਵਿਚ ਜੜ੍ਹ ਫੜ ਲਈ। ਇਹ ਮੁਸਲਮ ਦੁਨੀਆਂ ਦੇ ਵਿਗਿਆਨੀਆਂ ਦੀ ਅੰਤਰ-ਰਾਸ਼ਟਰੀ ਭਾਸ਼ਾ ਵੀ ਬਣੀ। ਅਰਬੀ ਨੇ ਜੀਊਂਦੀਆਂ ਲੌਕਿਕ ਭਾਸ਼ਾਵਾਂ ਨੂੰ ਪਛਾੜਨਾ ਸ਼ੁਰੂ ਕਰ ਦਿਤਾ ਜਿਨ੍ਹਾਂ ਨੇ ਪਹਿਲਾਂ ਲਾਤੀਨੀ, ਯੂਨਾਨੀ ਤੇ ਫ਼ਾਰਸੀਸੀ ਦੇ ਪ੍ਰਭਾਵ ਦਾ ਸਫਲਤਾ ਨਾਲ ਟਾਕਰਾ ਕੀਤਾ ਸ਼ੀ। ਮਿਸਰੀ ਲੋਕਾਂ ਨੇ ਕੋਪਟਿਕ ਭਾਸ਼ਾ ਦੀ ਵਰਤੋਂ ਬੰਦ ਕਰ ਦਿਤੀ, ਸੀਰੀਅਨ ਤੇ ਮੈਸੋਪੋਟੇਮੀਅਨ ਲੋਕਾਂ ਨੇ ਅਰੇਮੀਅਨ ਛਡ ਦਿਤੀ, ਅਤੇ ਸਪੇਨਿਸ਼ ਈਸਾਈ ਤਕ ਵੀ ਅਰਬੀ ਦੀ ਚੋਖੀ ਵਿਸ਼ਾਲ ਵਰਤੋਂ ਕਰਨ ਲਗੇ। ਪਰੰਤੂ, ਲਿਖਤੀ ਅਰਬੀ ਲੌਕਿਕ ਭਾਸ਼ਾ ਦੇ ਟਾਕਰੇ ਤੇ ਬਹੁਤ ਜ਼ਿਆਦਾ ਫੈਲੀ ਹੋਈ ਸੀ। ਬਹੁਤ ਸਾਰੇ ਖਿਤਿਆਂ ਵਿਚ ਅਰਬੀ ਨਰੋਲ ਵਿਗਿਆਨ ਤੇ ਰਾਜਪ੍ਰਬੰਧ ਦੀ ਭਾਸ਼ਾ ਸੀ। ਜਿਥੋਂ ਤਕ ਧਾੜਵੀਆਂ ਦਾ ਸਬੰਧ ਹੈ, ਉਹ ਛੇਤੀ ਹੀ ਸਥਾਨਕ ਵਸੋਂ ਵਿਚ ਘੁਲਮਿਲ ਗਏ ਤੇ ਉਹਨਾਂ ਦੀ ਭਾਸ਼ਾ ਨੂੰ ਆਪਣੇ ਵਿਚ ਰਚਾ ਲਿਆ।

ਇਸ ਗੱਲ ਨਾਲ, ਅਤੇ ਨਾਲ ਹੀ ਫ਼ਤਿਹ ਕੀਤੇ ਹੋਏ ਬਹੁਤ ਸਾਰੇ ਦੇਸ਼ਾਂ ਵਿਚ ਅਰਬ ਰਾਜਸੀ ਗ਼ਲਬੇ ਦੇ ਖ਼ਾਤਮੇ ਨਾਲ, ਉਲਟਾ ਅਮਲ ਸ਼ੁਰੂ ਹੋ ਗਿਆ ਜਿਸ ਨਾਲ ਸਥਾਨਕ ਭਾਸ਼ਾ ਨੇ ਲੌਕਿਕ ਅਰਬੀ ਨੂੰ

Sri Satguru Jagjit Singh Ji Elibrary NamdhariElibrary@gmail.com

ਮੈਦਾਨੋਂ ਕਢ ਦਿਤਾ, ਭਾਵੇਂ ਕਿ ਸਾਹਿਤਕ ਅਰਬੀ ਕਲਾ ਤੇ ਵਿਗਿਆਨ ਦੇ ਮੈਦਾਨ ਵਿਚ ਅਤੇ ਖ਼ਾਸ ਕਰ ਕੇ ਧਾਰਮਕ ਰੀਤਾਂ ਦੇ ਸਬੰਧ ਵਿਚ ਕਾਇਮ ਰਹੀ ।

ਅਰਬੀ-ਬੋਲਦੇ ਲੋਕਾਂ ਦੇ ਵਖ ਵਖ ਦਲਾਂ ਵਿਚ ਸਬੰਧ ਕਮਜ਼ੋਰ ਹੋਣ ਅਤੇ ਕੇਂਦਰਿਤ ਸ਼ਕਤੀ ਘਟਣ ਨਾਲ, ਜਿਸ ਤੋਂ ਪਿਛੋਂ ਵਿਸ਼ਾਲ ਅਰਬ ਰਾਜ ਅਣਗਣਿਤ ਅਰਧ-ਨਿਰਭਰ ਤੇ ਆਜ਼ਾਦ ਰਾਜਾਂ ਵਿਚ ਵਟ ਗਿਆ, ਸਾਂਝੀ ਲੌਕਿਕ ਭਾਸ਼ਾ ਦੀ ਹੋਂਦ ਵਿਚ ਰੋਕ ਪੈ ਗਈ । ਨਵੀਂ ਸਥਿਤੀ ਇਲਾਕਾਈ ਉਪ-ਭਾਖ਼ਾਵਾਂ ਦੀ ਸਥਾਪਤੀ ਦੇ ਪੱਖ ਵਿਚ ਸੀ । ਲੌਕਿਕ ਤੇ ਲਿਖਤੀ ਰੂਪਾਂ ਦੇ ਵਖ ਵਖ ਵਿਕਾਸ ਕਾਰਨ, ਪਹਿਲੇ ਦੀ ਪ੍ਰਤੀਨਿਧਤਾ ਕਈ ਇਕ ਉਪ-ਭਾਖ਼ਾਵਾਂ ਕਰਦੀਆਂ ਸਨ ਅਤੇ ਦੂਜੇ ਦੀ ਸਾਹਿਤਕ ਭਾਸ਼ਾ, ਖ਼ੁਦ ਅਰਬ ਸੰਸਾਰ ਵਿਚ ਹੀ ਇਹਨਾਂ ਵਿਚ ਹੋਰ ਪਾੜਾ ਵਧਿਆ ।

ਇਸ ਦੇ ਸਿਟੇ ਵਜੋਂ ਉਪ-ਭਾਖ਼ਾਵਾਂ ਦੇ ਪੰਜ ਵਡੇ ਗਰੁਪਾਂ ਦੀ ਰਚਨਾ ਹੋਈ, ਅਰਬੀ, ਸੀਰੀਆਈ, ਇਰਾਕੀ, ਮਿਸਰੀ ਤੇ ਮਗਰਿਕ, ਜਿਨ੍ਹਾਂ ਵਿਚ ਕੁਝ ਸਾਂਝੇ ਲਛਣ ਹਨ । ਹਰ ਇਕ ਗਰੁਪ ਦੀਆਂ ਕਈ ਕਈ ਉਪ-ਭਾਖ਼ਾਵਾਂ ਹਨ ਜਿਨ੍ਹਾਂ ਵਿਚ ਥੋੜਾ ਬਹੁਤ ਅੰਤਰ ਹੈ । ਬਹੁਤੀਆਂ ਅਰਬ ਉਪ-ਭਾਖ਼ਾਵਾਂ ਦਾ ਵਖਰੇਵਾਂ ਇਹ ਹੈ ਕਿ ਕੁਝ ਟਿਕੀ-ਬੈਠੀ ਵਸੋਂ (ਸ਼ਹਿਰੀ ਤੇ ਪੇਂਡੂ ਉਪ-ਭਾਖ਼ਾਵਾਂ) ਨਾਲ ਸਬੰਧਤ ਹਨ ਤੇ ਕੁਝ ਟਪਰੀਵਾਸਾਂ (ਬਦੂਆਂ) ਨਾਲ ।

ਸਾਹਿਤਕ ਭਾਸ਼ਾ ਦੇ ਬੋਲਚਾਲ ਦੀ ਭਾਸ਼ਾ ਤੋਂ ਜੋ ਉਪ-ਭਾਖਾਵਾਂ ਤਕ ਹੀ ਸੀਮਤ ਹੈ, ਅਮਲੀ ਤੌਰ ਤੇ ਉੱਕਾ ਹੀ ਅਡ ਹੋਣ ਕਰ ਕ ਇਕ

Sri Satguru Jagjit Singh Ji Elibrary NamdhariElibrary@gmail.com

ਜਾਇਜ਼ ਇੱਛਾ ਜਨਮ ਲੈਂਦੀ ਹੈ ਕਿ ਭਾਸ਼ਾ ਦੇ ਦੋਵਾਂ ਰੂਪਾਂ ਵਿਚ ਕਿਸੇ ਕਿਸਮ ਦੀ ਏਕਤਾ ਪੈਦਾ ਕੀਤੀ ਜਾਏ ।

ਲਿਖਤੀ ਸਾਹਿਤਕ ਅਰਬੀ ਦੇ ਇਤਿਹਾਸ ਦੇ ਤਿੰਨ ਪੜਾਵਾਂ ਵਿਚੋਂ — ਕਲਾਸਕੀ, ਸਾਹਿਤਕ ਤੇ ਆਧੁਨਿਕ ਸਾਹਿਤਕ ਅਰਬੀ — ਪਿਛਲਾ ਪੜਾਅ ਅਜ ਅਰਬਾਂ ਲਈ ਇਕ ਸਾਂਝੀ ਭਾਸ਼ਾ ਦਾ ਵਿਕਾਸ ਕਰਨ ਵਾਸਤੇ, ਜੋ ਸਾਹਿਤ ਵਿਚ ਤੇ ਆਮ ਬੋਲ ਚਾਲ ਵਿਚ ਵੀ ਵਰਤੀ ਜਾਏ, ਸਭ ਤੋਂ ਵਧ ਪਸੰਦ ਕੀਤਾ ਜਾਂਦਾ ਹੈ । ਜਿੰਨਾਂ ਚਿਰ ਖ਼ੁਦ ਅਰਬ ਸੰਸਾਰ ਲਈ ਹੀ ਇਹ ਸਮਸਿਆ ਹਲ ਨਹੀਂ ਕੀਤੀ ਜਾਂਦੀ ਓਨਾ ਚਿਰ ਇਹ ਸਵਾਲ ਮੁਸ਼ਕਲ ਨਾਲ ਹੀ ਪੈਦਾ ਹੋ ਸਕਦਾ ਹੈ ਕਿ ਅਰਬੀ ਦੇ ਸਮਾਜੀ ਕਰਤਵਾਂ ਨੂੰ ਇਸ ਸੰਸਾਰ ਦੀਆਂ ਸੀਮਾਵਾਂ ਤੋਂ ਅਗੇ ਵਿਕਸਤ ਕੀਤਾ ਜਾਏ ।

ਅਫ਼ਰੀਕਾ ਵਿਚ, ਬਸਤੀਵਾਦੀ ਪ੍ਰਬੰਧ ਦੀ ਟੁਟ-ਭੱਜ ਅਤੇ ਨਵੀਆਂ ਅਫ਼ਰੀਕੀ ਰਿਆਸਤਾਂ ਦੇ ਜਨਮ ਨਾਲ ਕੌਮੀ ਭਾਸ਼ਾਵਾਂ ਦੇ ਵਿਕਾਸ ਦੀ ਸਮੱਸਿਆ ਵਿਸ਼ੇਸ਼ ਕਰ ਕੇ ਡੂੰਗੀ ਮਹੱਤਤਾ ਵਾਲੀ ਹੋ ਗਈ ਹੈ । ਇਸ ਵੇਲੇ ਤਕ ੩੬ ਆਜ਼ਾਦ ਅਫ਼ਰੀਕੀ ਰਿਆਸਤਾਂ ਪੈਦਾ ਹੋ ਚੁਕੀਆਂ ਹਨ, ਹਰ ਇਕ ਨੂੰ ਸਾਹਿਤਕ ਭਾਸ਼ਾ ਦੀ ਲੋੜ ਹੈ ਜਿਸ ਨੂੰ ਕੌਮ ਤੇ ਜੀਵਨ ਦੇ ਹਰ ਖੇਤਰ ਵਿਚ ਵਰਤਿਆ ਜਾ ਸਕੇ ।

ਅਫ਼ਰੀਕਾ ਵਿਚ ਭਿੰਨ ਭਿੰਨ ਪ੍ਰਕਾਰ ਦੀਆਂ ਸਾਹਿਤਕ ਭਾਸ਼ਾਵਾਂ ਹਨ ਜਿਨ੍ਹਾਂ ਦੇ ਵਖ ਵਖ ਸਮਾਜੀ ਕਰਤੱਵ ਹਨ । ਬਹੁਤ ਫੈਲੀ ਹੋਈ ਅਰਬੀ ਹੈ. ਜੋ ਦੋ ਵਖ ਵਖ ਰੂਪਾਂ, ਲਿਖਤੀ ਤੇ ਬੋਲਚਾਲ, ਵਿਚ ਮੌਜੂਦ ਹੈ । ਇਥੋਪੀਆ ਵਿਚ ਸਾਹਿਤਕ ਐਮਹੈਰਿਕ ਵੀ ਕੌਮੀ ਤੇ ਦਫ਼ਤਰੀ

Sri Satguru Jagjit Singh Ji Elibrary NamdhariElibrary@gmail.com

ਭਾਸ਼ਾ ਦੇ ਕਰਤੱਵ ਪਾਲਦੀ ਹੈ ਅਤੇ ਛੋਟੀਆਂ ਇਥੋਪੀਅਨ ਕੌਮੀਅਤਾਂ ਤੇ ਗੁਆਂਢੀ ਪ੍ਰਦੇਸ਼ਾਂ ਦੇ ਵਾਸੀਆਂ ਲਈ ਸੰਪਰਕ ਭਾਸ਼ਾ ਦਾ ਕੰਮ ਵੀ ਦੇਂਦੀ ਹੈ। ਸਵਹਿਲੀ, ਬਾਨਤੂ ਭਾਸ਼ਾਵਾਂ ਵਿਚੋਂ ਇਕ, ਕੁਝ ਸਮਾਜੀ ਕਰਤੱਵ ਪੂਰੇ ਕਰਦੀ ਹੋਈ ਇਕ ਸਾਹਿਤਕ ਭਾਸ਼ਾ ਵਜੋਂ ਤੇਜ਼ੀ ਨਾਲ ਵਿਕਸਤ ਹੋ ਰਹੀ ਹੈ। ਗਿੰਨੀ ਗਰੁਪ ਵਿਚ, ਲਿਖਤੀ ਹੌਸਾ ਦਾ ਜ਼ਿਕਰ ਕੀਤਾ ਜਾ ਸਕਦਾ ਹੈ, ਘਾਨਾ ਦੀਆਂ ਸਥਾਪਤ ਪ੯ ਭਾਸ਼ਾਵਾਂ ਵਿਚੋਂ ਨੌਂ ਨੂੰ ਲਿਖਤੀ ਭਾਸ਼ਾਵਾਂ ਵਜੋਂ ਵਿਕਸਾਇਆ ਜਾਏਗਾ।

ਬਹੁ-ਕੌਮੀਅਤਾਂ ਵਾਲੇ ਭਾਰਤ ਵਿਚ ਚੌਦਾਂ ਸਾਹਿਤਕ ਭਾਸ਼ਾਵਾਂ ਨੂੰ ਭਾਰਤੀ ਰਾਜਾਂ ਦੀਆਂ ਪ੍ਰਦੇਸ਼ਕ ਭਾਸ਼ਾਵਾਂ ਵਜੋਂ ਸਰਕਾਰੀ ਤੌਰ ਤੇ ਮਾਨਤਾ ਦਿਤੀ ਗਈ ਹੈ। ਭਾਰਤੀ ਵਸੋਂ ਦਾ ਲਗ ਪਗ ੯੦ ਫ਼ੀ ਸਦੀ ਹਿੱਸਾ; ਇਹ ਭਾਸ਼ਾਵਾਂ ਬੋਲਦਾ ਹੈ, ਸਿਖਿਆ ਤੇ ਸਾਹਿਤ ਪ੍ਰਕਾਸ਼ਨ ਵਿਚ ਇਹਨਾਂ ਦੀ ਵਰਤੋਂ ਹੁੰਦੀ ਹੈ। ਇਸ ਪ੍ਰਕਾਰ ਬੰਗਾਲੀ ਖ਼ਾਸੀ ਨਾਲੋਂ ਵਧੇਰੇ ਪ੍ਰਚਲਤ ਹੈ ਜਿਸ ਨੂੰ ਲਗ ਪਗ ੩੬੪,੦੦੦ ਲੋਕ ਬੋਲਦੇ ਹਨ। ਖ਼ਾਸੀ ਦੇ ਸਮਾਜੀ ਕਰਤੱਵਾਂ ਵਿਚ ਹਾਲ ਵਿਚ ਹੀ ਵਾਧਾ ਕੀਤਾ ਗਿਆ ਹੈ ਅਤੇ ਇਸ ਨੂੰ ਸੈਕੰਡਰੀ ਸਕੂਲ ਦੀ ਵਿਦਿਆ ਲਈ ਵਰਤਿਆ ਜਾਣ ਲਗਾ ਹੈ।

ਸਾਹਿਤਕ ਭਾਸ਼ਾਵਾਂ ਦੇ ਸਮਾਜੀ ਕਰਤੱਵਾਂ ਦਾ ਵਿਕਾਸ ਇਕ ਰੂਪ ਨਹੀਂ ਹੋਇਆ ਜਿਵੇਂ ਕਿ ਹਿੰਦੀ, ਤਾਮਿਲ, ਪੰਜਾਬੀ, ਆਦਿ ਦੀ ਉਦਾਹਰਣ ਤੋਂ ਪਤਾ ਚਲਦਾ ਹੈ। ਨਾ ਹੀ ਭਵਿਖ ਵਿਚ ਇਸ ਦੇ ਬਦਲਣ ਦੀ ਆਸ ਕੀਤੀ ਜਾ ਸਕਦੀ ਹੈ। ਕੁਝ ਭਾਸ਼ਾਵਾਂ ਦੇ ਸਮਾਜੀ ਕਰਤੱਵਾਂ ਵਿਚ ਨਿਸਚਿਤ ਸਜੀਵ ਹਿੱਤਾਂ ਅਨੁਕੂਲ ਵਾਧਾ ਹੋ ਜਾਏਗਾ

Sri Satguru Jagjit Singh Ji Elibrary NamdhariElibrary@gmail.com

ਅਤੇ ਬਾਕੀ ਸਰਕਾਰੀ ਸਰਬ-ਭਾਰਤੀ ਭਾਸ਼ਾ ਦੇ ਨਾਲ ਹੀ ਇਕ ਜਾਂ ਦੂਜੇ ਰਾਜ ਵਿਚ ਇਸ ਦੇ ਬਹੁ-ਕੌਮੀ ਵਾਸੀਆਂ ਲਈ ਸੰਪਰਕ ਭਾਸ਼ਾ ਵਜੋਂ ਵਰਤੀਆਂ ਜਾ ਸਕਦੀਆਂ ਹਨ। ਮਰਾਠੀ ਜਾਂ ਤੇਲਗੂ ਇਸ ਦੀਆਂ ਮਿਸਾਲਾਂ ਹਨ।

ਚੀਨ ਅਤੇ ਜਾਪਾਨ ਵਿਚ ਸਾਹਿੱਤਕ ਨੇਮਾਂ ਦਾ ਨਿਰੂਪਣ ਇਕ ਜਟਿਲ ਤੇ ਵਿਅੱਕਤੀਗਤ ਅਮਲ ਸੀ। ਸਬੰਧਤ ਕੌਮੀ ਸਾਹਿੱਤਕ ਭਾਸ਼ਾਵਾਂ ਦੁਆਰਾ ਸਥਾਨਕ ਉਪ-ਭਾਖਾਵਾਂ ਤੇ ਸ਼ੈਲੀ-ਉਪ ਭਾਖਾਵਾਂ ਨੂੰ ਪਛਾੜਨ ਦਾ ਅਮਲ ਵੀ ਵਖ ਵਖ ਢੰਗਾਂ ਨਾਲ ਹੋਇਆ।

ਚੀਨੀ ਭਾਸ਼ਾ ਦੁਨੀਆਂ ਦੀਆਂ ਅਤਿ ਵਿਕਸਤ ਭਾਸ਼ਾਵਾਂ ਵਿਚੋਂ ਇਕ ਹੈ ਜਿਸ ਦੇ ਅਣਗਣਿਤ ਤੇ ਬਹੁਰੂਪ ਕਰਤੱਵ ਹਨ। ਚੀਨ ਦੇ ਅੰਦਰ ਇਹ ਸੰਪਰਕ ਭਾਸ਼ਾ ਦਾ ਕੰਮ ਵੀ ਦੇਂਦੀ ਹੈ। ਚੀਨ ਵਿਚ ਕੋਈ ਹੋਰ ਅਜਿਹੀ ਭਾਸ਼ਾ ਨਹੀਂ ਜਿਹੜੀ ਦੇਸ਼ ਦੇ ਅੰਦਰ ਇਤਨੇ ਵਿਸ਼ਾਲ ਸਮਾਜ਼ੀ ਕਰਤਵਾਂ ਨੂੰ ਪੂਰਾ ਕਰ ਸਕਦੀ ਹੋਵੇ। ਇਸ ਦੇ ਨਾਲ ਹੀ, ਚੀਨੀ ਇਕ ਅੰਤਰ-ਰਾਸ਼ਟਰੀ ਭਾਸ਼ਾ ਹੈ। ਚੀਨ ਵਿਚ ਜੇਤੂ ਇਨਕਲਾਬ ਤੋਂ ਪਿਛੋਂ ਉਹਨਾਂ ਭਾਸ਼ਾਵਾਂ ਲਈ ਲਿਪੀਆਂ ਵਿਕਸਾਉਣ ਵਾਸਤੇ ਕਦਮ ਚੁਕੇ ਗਏ ਜਿਨ੍ਹਾਂ ਦੀਆਂ ਲਿਪੀਆਂ ਨਹੀਂ ਸਨ ਅਤੇ ਛੋਟੀਆਂ ਕੌਮਾਂ ਦੀਆਂ ਵਖ ਵਖ ਪ੍ਰਕਾਰ ਦੀਆਂ ਸਾਹਿਤਕ ਭਾਸ਼ਾਵਾਂ ਨੂੰ ਇਕ ਸਿਲਸਲੇ ਵਿਚ ਤਰਤੀਬਣ ਲਈ ਉਪਾ ਕੀਤੇ ਗਏ।

ਜਿਥੋਂ ਤਕ ਜਾਪਾਨੀ ਦਾ ਸਬੰਧ ਹੈ, ਇਹ ਵੀ ਜਾਪਾਨ ਦੀ ਕੌਮੀ ਸਾਹਿਤਕ ਭਾਸ਼ਾ ਵਜੋਂ ਵਿਸ਼ਾਲ ਸਮਾਜੀ ਕਰਤੱਵ ਪੂਰੇ ਕਰਦੀ ਹੈ।

ਇੰਡੋਨੇਸ਼ੀਆ ਵਿਚ ਕਈ ਕਿਸਮ ਦੀਆਂ ਸਾਹਿਤਕ ਭਾਸ਼ਾਵਾਂ ਹਨ।

Sri Satguru Jagjit Singh Ji Elibrary NamdhariElibrary@gmail.com

ਇੰਡੋਨੇਸ਼ੀਅਨ ਰੀਪਬਲਿਕ ਦੀ ਘੋਸ਼ਣਾ ਤੋਂ ਮਗਰੋਂ, ਇੰਡੋਨੇਸ਼ੀਆਈ (ਮਾਲਾਈ ਦਾ ਇਕ ਰੂਪ ਜਿਸ ਨੂੰ ੮ ਕਰੋੜ ਲੋਕ ਵਰਤਦੇ ਹਨ) ਸਰਕਾਰੀ ਭਾਸ਼ਾ ਬਣ ਗਈ। ੧੯੪੫ ਤੋਂ ਮਗਰੋਂ ਇਸ ਨੇ ਡੱਚ ਦੀ ਸਰਕਾਰੀ ਤੇ ਰਾਜਨੀਤਕ ਵਰਤੋਂ ਨੂੰ ਬਹੁਤ ਘਟਾ ਦਿਤਾ ਹੈ। ਇਸ ਵੇਲੇ ਇੰਡੋਨੇਸ਼ੀਆਈ ਅਖ਼ਬਾਰ ਵਡੀਆਂ ਇੰਡੋਨੇਸ਼ੀਆਈ ਉਪ-ਭਾਖਾਵਾਂ ਵਿਚ ਛਪਦੇ ਹਨ ਅਤੇ ਅਜੇ ਇਕੋ ਨੇਮਾ ਅਧੀਨ ਰਹਿਣ ਵਾਲੀ ਜ਼ਬਾਨੀ ਤੇ ਲਿਖਤੀ ਸਾਹਿਤਕ ਇੰਡੋਨੇਸ਼ੀਆਈ ਸਬੰਧੀ ਕੁਝ ਨਹੀਂ ਕਿਹਾ ਜਾ ਸਕਦਾ।

ਇਸ ਤੋਂ ਪਿਛੋਂ ਜਾਵਾ ਦੀ ਆਉਂਦੀ ਹੈ ਜਿਸ ਨੂੰ ਤਕਰੀਬਨ ੪ ਕਰੋੜ ਬੋਲਦੇ ਹਨ; ਮਾਲਾਈ ਨੂੰ ੩੦ ਲੱਖ ਲੋਕ ਬੋਲਦੇ ਹਨ ਅਤੇ ਇਹ ਲਾਤੀਨੀ ਵਰਣ ਮਾਲਾ ਦੇ ਨਾਲ ਹੀ ਪੁਰਾਣੀ ਜਾਂਵਾਨੀ ਲਿਪੀ ਦੀ ਵਰਤੋਂ ਕਰਦੀ ਹੈ, ਮਾਦੂਰੀ ਜਿਸ ਨੂੰ ਲਗ ਪਗ ੫੦ ਲੱਖ ਲੋਕ ਬੋਲਦੇ ਹਨ, ਅਤੇ ਸੋਏਨਡਾਨੀ ਜਿਸ ਦੀ ਵਰਤੋਂ ੯੦ ਲੱਖ ਲੋਕ ਕਰਦੇ ਹਨ। ਇਹ ਸਭ ਭਾਸ਼ਾਵਾਂ ਵਿਚ ਵੰਡੀਆਂ ਹੋਈਆਂ ਤੇ ਸੰਸਕ੍ਰਿਤ, ਅਰਬੀ, ਚੀਨੀ ਤੇ ਯੂਰਪੀ ਭਾਸ਼ਾਵਾਂ ਤੋਂ ਪ੍ਰਭਾਵਤ, ਵਖ ਵਖ ਸਮਾਜੀ ਕਰਤੱਵ ਪੂਰੇ ਕਰਦੀਆਂ ਹਨ ਅਤੇ ਸਾਹਿਤਕ ਭਾਸ਼ਾਵਾਂ ਦੀਆਂ ਵਖ ਵਖ ਕਿਸਮਾਂ ਨਾਲ ਸਬੰਧ ਰਖਦੀਆਂ ਹਨ। ਜਿਥੋਂ ਤਕ ਕਰਤਵੀ ਤੇ ਬਣਤਰੀ ਵਿਕਾਸ ਦੀਆਂ ਸੰਭਾਵਨਾਵਾਂ ਦਾ ਸਬੰਧ ਹੈ, ਇਹ ਆਪਸ ਵਿਚ ਅੰਤਰ ਰਖਦੀਆਂ ਹਨ।

ਜਿਥੋਂ ਤਕ ਸਰਕਾਰੀ ਇੰਡੋਨੇਸ਼ੀਆਈ ਦਾ ਸਬੰਧ ਹੈ, ਜਿਹੜੀ ਇਕ ਬਹੁਤ ਵਡੇ ਬਹੁ-ਕੌਮੀ ਰਾਜ ਦੀਆਂ ਲੋੜਾਂ ਪੂਰਦੀ ਹੈ, ਇਹ ਗੱਲ

Sri Satguru Jagjit Singh Ji Elibrary NamdhariElibrary@gmail.com

ਸੰਭਾਵਨਾ ਤੋਂ ਬਾਹਰ ਨਹੀਂ ਕਿ ਇਸ ਦੇ ਸਮਾਜੀ ਕਰਤੱਵਾਂ ਦਾ ਪਸਾਰ ਇੰਡੋਨੇਸ਼ੀਆ ਦੀਆਂ ਸਰਹੱਦਾਂ ਤੋਂ ਬਾਹਰ ਵੀ ਹੋ ਜਾਏ ਅਤੇ ਕਿਸੇ ਸਮੇਂ ਇਹ ਅੰਤਰ ਰਾਸ਼ਟਰੀ ਪਿੜ ਵਿਚ ਆ ਜਾਏ ।

ਬਹੁਤੇ ਲਾਤੀਨੀ ਅਮਰੀਕੀ ਰਾਸ਼ਟਰਾਂ ਦੀ ਕੌਮੀ ਭਾਸ਼ਾ ਸਪੇਨੀ ਹੈ । ਭਾਸ਼ਾ ਵਿਗਿਆਨ ਦੀ ਦ੍ਰਿਸ਼ਟੀ ਤੋਂ ਕਿਊਬਾ ਜਾਂ ਮੈਕਸੀਕੋ, ਕੋਲੰਬੀਆ ਜਾਂ ਚਿਲੀ ਦੀਆਂ ਕੌਮੀ ਭਾਸ਼ਾਵਾਂ ਨੂੰ ਸਪੇਨੀ ਦੇ ਰੂਪ ਹੀ ਵਰਗਿਆ ਜਾਣਾ ਚਾਹੀਦਾ ਹੈ ਜਿਨ੍ਹਾਂ ਵਿਚ ਲਾਜ਼ਮੀ ਤੌਰ ਤੇ ਇਕ ਰੂਪ ਭਾਸ਼ਾ ਬਣਤਰ ਦੇ ਵਿਕਾਸ ਦੀਆਂ ਇਕੋ ਜਿਹੀਆਂ ਪ੍ਰਵਿਰਤੀਆਂ ਹਨ ।

ਬਹੁਤੇ ਲਾਤੀਨੀ ਅਮਰੀਕੀ ਰਾਜਾਂ ਵਿਚ (ਅਤੇ ਸਪੇਨ ਵਿਚ) ਸਪੇਨੀ ਸਰਕਾਰੀ ਭਾਸ਼ਾ ਹੈ । ਇਹ ਕੁਝ ਹਦ ਤਕ ਅਫ਼ਰੀਕਾ ਤੇ ਏਸ਼ੀਆ ਦੇ ਕੁਝ ਇਲਾਕਿਆਂ ਤਕ ਫੈਲੀ ਹੈ । ਇਸ ਕਰ ਕੇ ਇਹ ਲਾਤੀਨੀ ਅਮਰੀਕਾ ਦੀ ਇਕ ਵਡੀ ਭਾਸ਼ਾ ਅਤੇ ਇਕ ਅੰਤਰ-ਰਾਸ਼ਟਰੀ ਭਾਸ਼ਾ ਬਣਨ ਦੇ ਯੋਗ ਹੋਈ ਹੈ ।

ਕੇਂਦਰੀ ਤੇ ਦੱਖਣੀ ਅਮਰੀਕਾ ਵਿਚ ਸਪੇਨੀ ਤੋਂ ਪਿਛੋਂ ਪੁਰਤਗਾਲੀ ਆਉਂਦੀ ਹੈ। ਇਹ ਬ੍ਰਾਜ਼ੀਲ ਗੁਈਆਨਾ ਦੀ ਸਰਕਾਰੀ ਭਾਸ਼ਾ ਹੈ। ਇਸ ਦੇ ਸਮਾਜੀ ਕਰਤੱਵ ਸਪੇਨੀ ਨਾਲੋਂ ਕਿਤੇ ਵਧੇਰੇ ਸੀਮਤ ਹਨ ।

ਇਹ ਸੱਚ ਹੈ ਕਿ ਖ਼ੁਦ ਸਪੇਨੀ ਸਾਰੇ ਲਾਤੀਨੀ ਅਮਰੀਕੀ ਰਾਜਾਂ ਵਿਚ ਇਕੋ ਜਿੰਨੀ ਮਹੱਤਤਾ ਨਹੀਂ ਰਖਦੀ । ਭਾਵੇਂ ਇਹ ਪਾਰਾਗੂਏ ਦੀ ਸਰਕਾਰੀ ਭਾਸ਼ਾ ਹੈ । ਗੁਆਰਾਨੀ, ਗੁਆਰਾਨੀ ਇੰਡੀਅਨਾਂ ਦੀ ਭਾਸ਼ਾ, ਜਿਸ ਨੂੰ ੧੫ ਲੱਖ ਤੋਂ ਵਧ ਲੋਕ ਬੋਲਦੇ ਹਨ, ਨੂੰ ਕੇਵਲ ਮੇਟਿਸ ਤੇ ਨੀਗਰੋ ਲੋਕਾਂ ਨੇ ਹੀ ਆਪਣੇ ਵਿਚ ਨਹੀਂ ਰਚਾ ਲਿਆ ਸਗੋਂ ਬਹੁਤ

Sri Satguru Jagjit Singh Ji Elibrary NamdhariElibrary@gmail.com

ਸਾਰੇ ਕਰੇਓਲੇਸ ਲੋਕਾਂ ਨੇ ਵੀ ਅਤੇ ਅਜ ਇਹ ਇਕ ਅੰਤਰ-ਰਾਸ਼ਟਰੀ ਸੰਪਰਕ ਦੀ ਭਾਸ਼ਾ ਹੈ। ਗੁਆਰਾਨੀ ਇੰਡੀਅਨ ਹੋਰ ਕਬੀਲਿਆਂ ਦੇ ਇੰਡਨੀਅਨਾਂ ਨਾਲ ਗੱਲ ਬਾਤ ਕਰਨ ਲਈ ਅਤੇ ਚਿੱਟੇ ਲੋਕ ਗੁਆਰਾਨੀ ਇੰਡਨੀਅਨਾਂ ਤੇ ਦੂਜੇ ਨਸਲੀ ਗਰੁਪਾਂ ਦੇ ਇੰਡੀਅਨਾ ਨਾਲ ਗੱਲ ਬਾਤ ਕਰਨ ਲਈ ਇਸ ਦੀ ਵਰਤੋਂ ਕਰਦੇ ਹਨ । ਇਥੋਂ ਤਕ ਕਿ ਚੋਣਾਂ ਆਦਿ ਵਿਚ ਸਰਕਾਰੀ ਪਰਚਾਰ ਮਸ਼ੀਨਰੀ ਵੀ ਅਕਸਰ ਇਸ ਭਾਸ਼ਾ ਦੀ ਓਟ ਲੈਂਦੀ ਹੈ । ਗੁਆਰਾਨੀ ਸਪੇਨੀ ਦੇ ਨਾਲ ਹੀ, ਪਾਰਾਗੂਏ ਦੀ ਸਰਕਾਰੀ ਭਾਸ਼ਾ ਹੈ।

ਅਮਰੀਕੀ ਇੰਡਨੀਅਨਾਂ ਦੀਆਂ ਦੂਜੀਆਂ ਲਿਖਤੀ ਭਾਸ਼ਾਵਾਂ ਵਿਚ ਸ਼ਾਮਲ ਹਨ ਕੁਏਚੂਆ, ਇਨਕਾਸ ਦੇ ਪ੍ਰਾਚੀਨ ਪਰੂਵੀਅਨ ਰਾਜ ਦੇ ਲੋਕਾਂ ਦੀ ਭਾਸ਼ਾ ਜਿਸ ਨੂੰ ਪੇਰੂ, ਇਕੂਏਡਰ, ਬੋਲੀਵੀਆ ਤੇ ਅਰਜਨਟੀਨ, ਚਿਲੀ ਤੇ ਕੋਲੰਬੀਆਂ ਨਾਲ ਲਗਦੇ ਇਲਾਕਿਆਂ ਵਿਚ ਰਹਿੰਦੇ ੭੦ ਲੱਖ ਤੋਂ ਉਤੇ ਲੋਕ ਬੋਲਦੇ ਹਨ, ਨਾਹੌਟਲ (ਅਜ਼ਟੇਕ) ਜਿਹੜੀ ਲਗ ਪਗ ੭੦੦,੦੦੦ ਅਜ਼ਟੇਕਾਂ, ਮੈਕਸੀਕੋ ਦੇ ਪ੍ਰਾਚੀਨ ਵਸਨੀਕਾਂ ਦੀ ਸਨਤਾਨ, ਦੀ ਬੋਲੀ ਹੈ, ਆਈਮਾਰਾ, ਜਿਸ ਨੂੰ ਬੋਲੀਵੀਆ, ਪੇਰੂ ਅਤੇ ਇਕੂਏਤਰ ਵਿਚ ਲਗ ਪਗ ੬੦੦,੦੦੦ ਲੋਕ ਬੋਲਦੇ ਹਨ, ਮਾਇਆ, ਮੈਕਸੀਕੋ, ਗੁਆਟੇਮਾਲਾ ਤੇ ਬਰਤਾਨਵੀਂ ਹੌਂਡਰਸ ਤੇ ਹੋਰ ਇਲਾਕਿਆਂ ਵਿਚ ੨੦ ਲੱਖ ਲੋਕ (ਸਮੇਤ ਉਪ-ਭਾਖਾਵਾਂ ਬੋਲਣ ਵਾਲਿਆਂ ਦੇ) ਬੋਲਦੇ ਹਨ।

ਯੂਰਪੀਆਂ ਦੇ ਆਉਣ ਦਾ ਅਮਰੀਕੀ ਇੰਡੀਅਨਾਂ ਦੀਆਂ ਹੋਣੀਆਂ ਉਤੇ ਵਖੋ ਵਖ ਅਸਰ ਹੋਇਆ। ਉਤਰੀ ਅਮਰੀਕਾ ਵਿਚ (ਕੈਨੇਡਾ ਤੇ

Sri Satguru Jagjit Singh Ji Elibrary NamdhariElibrary@gmail.com

ਅਮਰੀਕਾ ਦੇ ਸੰਯੁਕਤ ਰਾਜ) ਇਕ ਸਮੇਂ ਵਡੀ ਸੁਦੇਸ਼ੀ ਵਸੋਂ ਵਿਚੋਂ ਬਾਕੀ ਰਹਿ ਗਿਆ ਦੀ ਗਿਣਤੀ ੫੦੦,੦੦੦ ਤੋਂ ਵਧ ਨਹੀਂ । ਇਹ ਛੋਟੇ ਛੋਟੇ ਗਰੁਪਾਂ ਵਿਚ ਰਹਿੰਦੇ ਹਨ, ਜੋ ਇਹਨਾਂ ਦੇਸ਼ਾਂ ਦੀ ਬਾਕੀ ਵਸੋਂ ਤੋਂ ਪੂਰੀ ਤਰ੍ਹਾਂ ਅਲਗ ਥਲਗ ਹਨ ।

ਲਾਤੀਨੀ ਅਮਰੀਕਾ ਵਿਚ ਹਾਲਤ ਇਸ ਤੋਂ ਵਖਰੀ ਹੈ । ਇਥੇ ਬਹੁਤ ਸਾਰੇ ਇੰਡੀਅਨ ਬਚੇ ਰਹੇ ਹਨ ਤੇ ਇਸ ਵੇਲੇ ਉਹ ਵਡੇ ਨਸਲੀ ਦਲਾਂ ਦੇ ਰੂਪ ਵਿਚ ਹਨ । ਇਹ ਅਤਿ ਵਿਕਸਤ ਲੋਕ ਹਨ ਜਿਨ੍ਹਾਂ ਨੇ ਆਪਣੇ ਆਪ ਨੂੰ ਤੇ ਆਪਣੇ ਸਭਿਆਚਾਰ ਨੂੰ ਬਚਾਇਆ ਹੋਇਆ ਹੈ । ਅੱਜ ਇੰਡੀਅਨ ਗੁਅਟੇਮਾਲਾ, ਪੇਰੂ, ਬੋਲੀਵੀਆ ਤੇ ਇਕੂਏਡਰ ਵਿਚ ਵਸੋਂ ਦਾ ਵਡੇਰਾ ਭਾਗ ਹਨ । ਜੇ ਇਹਨਾਂ ਵਿਚ ਮਿਸ਼ਰਤ ਨਸਲ ਦੇ ਲੋਕ ਵੀ ਸ਼ਾਮਲ ਕਰ ਲਏ ਜਾਣ ਤਾਂ ਅਸੀਂ ਦੇਖਾਂਗੇ ਕਿ ਬਹੁਤੇ ਕੇਂਦਰੀ ਤੇ ਦੱਖਣੀ ਅਮਰੀਕੀ ਦੇਸ਼ਾਂ ਵਿਚ ਇੰਡੀਅਨ ਵਸੋਂ ਦੀ ਵਡੇਰੀ ਗਿਣਤੀ ਵਿਚ ਹੋ ਜਾਂਦੇ ਹਨ । ਪੇਰੂ ਤੇ ਨਾਲ ਲਗਦੇ ਰਾਜਾਂ ਵਿਚ ਕੁਏਚੂਅਸ, ਗੁਆਟੇਮਾਲਾ ਵਿਚ ਮਾਇਆਈ, ਪਾਰਾਗੂਏ ਵਿਚ ਗੂਆਰਾਨੀ ਬਹੁਤੀ ਗਿਣਤੀ ਵਿਚ ਹਨ । ਉਹ ਸਭ ਇਹਨਾਂ ਦੇਸ਼ਾਂ ਦੇ ਜਨਤਕ ਜੀਵਨ ਵਿਚ ਸਰਗਰਮ ਹਿੱਸਾ ਲੈਂਦੇ ਹਨ ।

ਇਸ ਵਿਸ਼ਵਾਸ ਦਾ ਕੋਈ ਆਧਾਰ ਨਹੀਂ ਕਿ ਇਨ੍ਹਾਂ ਇੰਡੀਅਨਾਂ ਦੀਆਂ ਭਾਸ਼ਾਵਾਂ ਲਾਤੀਨੀ ਅਮ੍ਰੀਕੀ ਪੈਮਾਨੇ ਉੱਤੇ ਸਪੇਨੀ ਦਾ ਟਾਕਰਾ ਕਰਨ ਲਈ ਆਪਣ ਸਮਾਜੀ ਕਰਤਵਾਂ ਦਾ ਪਸਾਰ ਕਰ ਸਕਣਗੀਆਂ । ਇਹਨਾ ਦੀਆਂ ਅਜੋਕੀਆਂ ਸੰਭਾਵਨਾਵਾਂ ਤੋਂ ਅਨੁਮਾਨ ਇਹ ਲਗਦਾ ਹੈ ਕਿ ਇਹ ਵਧ ਤੋਂ ਵਧ ਪ੍ਰਾਦੇਸ਼ਕ ਸਾਹਿਤਕ ਭਾਸ਼ਾਵਾਂ ਵਜੋਂ ਆਪਣੀ

Sri Satguru Jagjit Singh Ji Elibrary NamdhariElibrary@gmail.com

ਸਥਿਤੀ ਉੱਨਤ ਕਰ ਸਕਦੀਆਂ ਹਨ। ਇਹਨਾਂ ਦੀ ਵਰਤੋਂ ਕਰਨ ਵਾਲਿਆਂ ਨੂੰ ਕੌਮੀ ਖ਼ੁਦ-ਅਖ਼ਤਿਆਰੀ ਦੇ ਕੇ ਅਤੇ ਕੌਮੀ ਭਾਸ਼ਾਵਾਂ ਦੇ ਸੱਚੇ ਸੁਤੰਤਰ ਵਿਕਾਸ ਦੀ ਨੀਤੀ ਲਾਗੂ ਕਰਕੇ, ਜੋ ਸੋਵੀਅਤ ਯੂਨੀਅਨ ਵਿਚ ਕੀਤੇ ਗਏ ਕਾਇਲ ਕਰਨ ਵਾਲੇ ਤਜਰਬੇ ਵਰਗੀ ਹੋਵੇ, ਇਹਨਾਂ ਨੂੰ ਉਤਸ਼ਾਹਤ ਕੀਤਾ ਜਾ ਸਕਦਾ ਹੈ।

ਲਾਤੀਨੀ ਅਮ੍ਰੀਕੀ ਰਾਜਾਂ ਵਿਚਕਾਰ ਰਾਜਨੀਤਕ, ਆਰਥਕ ਤੇ ਸਮਾਜਕ ਵਿਰੋਧਾਂ ਦੀ ਵਿਗੜਦੀ ਹਾਲਤ ਦੇ ਫਲ ਸਰੂਪ ਲਾਤੀਨੀ-ਅਮ੍ਰੀਕੀ ਸਪੇਨੀ ਦੇ ਰੂਪ ਹੋਰ ਨਿਖੜ ਸਕਦੇ ਹਨ, ਜਿਸ ਦਾ ਆਖਰ ਨੂੰ, ਲਾਤੀਨੀ ਵਾਂਗ ਹੀ, ਸਪੇਨੀ ਦੇ ਅੰਤਰ-ਰਾਸ਼ਟਰੀ ਰੋਲ ਉਤੇ ਉਲਟਾ ਅਸਰ ਪਵੇਗਾ।

ਲਾਤੀਨੀ ਦੀ ਅੰਤਰ-ਰਾਸ਼ਟਰੀ ਮਹੱਤਤਾ ਖੁਸਣ ਦਾ ਇਕ ਕਾਰਨ ਇਹ ਵੀ ਸੀ ਕਿ ਨਵੀਆਂ ਭਾਸ਼ਾਵਾਂ ਜਿਨ੍ਹਾਂ ਨੂੰ ਇਸ ਜਨਮ ਦਿੱਤਾ—ਇਤਾਲਵੀ, ਸਪੇਨੀ, ਫ਼ਰਾਂਸੀਸੀ ਤੇ ਪੁਰਤਗਾਲੀ—ਇਕ ਦੂਜੀ ਤੋਂ ਬਹੁਤ ਨਿੱਖੜ ਗਈਆਂ।

ਇਸ ਨਾਲ ਆਧੁਨਿਕ ਸਾਹਿਤਕ ਕੌਮੀ ਭਾਸ਼ਾਵਾਂ ਦੀਆਂ ਭਿੰਨ ਭਿੰਨ ਪ੍ਰਕਾਰਾਂ ਨਿਖੁਟਦੀਆਂ ਨਹੀਂ, ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਵਡੇ ਰਾਜਾਂ ਦੀਆਂ ਸਰਕਾਰੀ ਭਾਸ਼ਾਵਾਂ ਦਾ ਕਰਤਵ ਪੂਰਾ ਕਰਦੀਆਂ ਹਨ (ਪਾਕਿਸਤਾਨ ਵਿਚ ਉਰਦੂ)। ਵਿਸ਼ੇਸ਼ ਸਮਾਜੀ ਕਰਤਵ, ਵਿਅਕਤੀਗਤ ਇਤਿਹਾਸ, ਉਪ-ਭਾਖਾਈ ਫ਼ਰਕ ਅਤੇ ਲਿਖਤੀ ਤੇ ਲੌਕਿਕ ਰੂਪਾਂ ਵਿਚ ਸਬੰਧ ਫ਼ਾਰਸੀ, ਪਸ਼ਤੋ, ਤੁਰਕੀ, ਡੇਨਿਸ਼ ਤੇ ਅਜੋਕੀਆਂ ਬਹੁਤ ਹੋਰ ਕੌਮੀ ਭਾਸ਼ਾਵਾਂ ਵਰਗੀਆਂ ਆਮ-ਕੌਮੀ ਭਾਸ਼ਾਵਾਂ ਉਤੇ ਲਾਗੂ ਹੁੰਦੇ ਹਨ।

Sri Satguru Jagjit Singh Ji Elibrary NamdhariElibrary@gmail.com

ਭਾਸ਼ਾਵਾਂ ਦੇ ਸਮਾਜੀ ਕਰਤਵ ਕਿਵੇਂ ਵਿਕਸਤ ਹੋਣਗੇ ?

ਭਿੰਨ ਭਿੰਨ ਭਾਸ਼ਾਵਾਂ ਦੇ ਸਮਾਜੀ ਕਰਤਵਾਂ ਦੇ ਪਸਾਰ, ਉਹਨਾਂ ਦੀ ਵਰਤੋਂ ਦੇ ਖੇਤਰ ਦੇ ਪਸਾਰ ਦੀਆਂ ਸੰਭਾਵਨਾਵਾਂ ਦਾ ਸਵਾਲ ਬਹੁਤ ਜਟਿਲ ਹੈ ।

ਸਭ ਤੋਂ ਪਹਿਲਾਂ ਇਹ ਚੇਤੇ ਰਖਣਾ ਚਾਹੀਦਾ ਹੈ ਕਿ ਸੋਵੀਅਤ ਯੂਨੀਅਨ ਅਤੇ ਬਦੇਸ਼ਾਂ ਵਿਚ ਅਜਿਹੀਆਂ ਭਾਸ਼ਾਵਾਂ ਹਨ ਜਿਹੜੀਆਂ ਵੱਖ ਵਖ ਸਮਾਜੀ ਕਰਤਵ ਪੂਰੇ ਕਰਦੀਆਂ ਹਨ । ਹਾਲੇ ਤੱਕ ਭਾਸ਼ਾ ਵਿਗਿਆਨ ਦੇ ਸਾਹਿਤ ਵਿਚ ਭਾਸ਼ਾਵਾਂ ਦੇ ਸਮਾਜੀ ਕਰਤਵਾਂ ਦੇ ਘੇਰੇ ਤੇ ਉਹਨਾਂ ਦੇ ਹੋਰ ਲੱਛਣਾਂ ਦੇ ਅਨੁਕੂਲ ਸਾਹਿਤਕ ਜਾਂ ਕੌਮੀ ਭਾਸ਼ਾਵਾਂ ਦੇ ਗਰੁਪਾਂ ਦੀਆਂ ਵੱਖ ਵੱਖ ਕਿਸਮਾਂ ਦੀ ਪ੍ਰੀਭਾਸ਼ਾ ਦੇ ਸਾਂਝੇ ਤੌਰ ਤੇ ਪਰਵਾਣਤ ਅਸੂਲ ਤੈਅ ਨਹੀਂ ਹੋਏ । ਆਮ ਕਰਕੇ ਉਹਨਾਂ ਦੇ ਭਿੰਨ ਭਿਨ ਲੱਛਣ ਇਹ ਸਮਝੇ ਜਾਂਦੇ ਹਨ : ਉਪ-ਭਾਖਾਈ ਆਧਾਰ ਦੇ ਵਿਕਾਸ ਦੀ ਵਿਸ਼ੇਸ਼ਤਾ, ਸਾਹਿਤਕ ਭਾਸ਼ਾ ਦੇ ਲੌਕਿਕ ਤੇ ਲਿਖਤੀ ਰੂਪ ਅਤੇ ਉਹਨਾਂ ਦੇ ਕੋਲ ਕੋਲ ਹੋਣ ਦੇ ਢੰਗ; ਉਪ-ਭਾਖਾਈ ਆਧਾਰ ਦੀ ਬਦਲੀ (ਜਿਵੇਂ, ਉਜ਼ਬੇਕ, ਤਾਜਿਕ, ਡੱਚ, ਆਦਿ); ਸਾਹਿਤਕ ਭਾਸ਼ਾਵਾਂ

Sri Satguru Jagjit Singh Ji Elibrary NamdhariElibrary@gmail.com

ਜਿਹੜੀਆਂ ਬੁਨਿਆਦੀ ਬੋਲਚਾਲ ਤੇ ਲਿਖਤੀ ਭਾਸ਼ਾਵਾਂ ਦੇ ਨਖੇੜ ਵਿਚੋਂ ਨਿਕਲੀਆਂ ਹਨ (ਫ਼ਰਾਂਸੀਸੀ, ਪੁਰਤਗਾਲੀ, ਇਤਾਲਵੀ ਅਤੇ ਸਪੇਨੀ ਜਿਹੜੀਆਂ ਲਾਤੀਨੀ ਵਿਚੋਂ ਨਿਕਲੀਆਂ ਹਨ); ਸਪੇਨੀ ਦੇ "ਲਾਤੀਨੀ ਅਮ੍ਰੀਕੀ" ਰੂਪ; "ਓਪਰਾ" ਆਧਾਰ ਤੇ ਇਸ ਨੂੰ ਬਦਲਣਾ (ਰੂਸ ਵਿਚ ਪੁਰਾਣੀ ਸਲਾਵਿਕ); ਇਕੋ ਰਾਜ ਵਿਚ ਸਾਹਿਤਕ ਤੇ ਲੌਕਿਕ ਭਾਸ਼ਾਵਾਂ ਦੇ ਕਰਤਵਾਂ ਦਾ ਪ੍ਰਸਪਰ ਸਬੰਧ (੧੫ਵੀਂ ੧੬ਵੀਂ ਸਦੀ ਵਿਚ ਜਰਮਨੀ ਤੇ ਫ਼ਰਾਂਸ ਦੀ ਮਿਸਾਲ ਜਿਥੇ ਲਾਤੀਨੀ ਵਿਗਿਆਨ ਦੀ ਭਾਸ਼ਾ ਸੀ ਅਤੇ ਉਹਨਾਂ ਦੀਆਂ ਮਾਂ ਬੋਲੀਆਂ, ਜਰਮਨ ਤੇ ਫਰਾਂਸੀਸੀ ਲੌਕਿਕ ਭਾਸ਼ਾਵਾਂ ਸਨ)।

ਸਾਹਿਤਕ ਭਾਸ਼ਾਵਾਂ ਦੀਆਂ ਭਿੰਨ ਭਿੰਨ ਕਿਸਮਾਂ ਇਸ ਦੇ ਰੂਪਾਂਤਰਾਂ ਦੇ ਆਧਾਰ ਤੇ ਨਿਰੂਪੀਆਂ ਜਾ ਸਕਦੀਆਂ ਹਨ : ਆਰਮੇਨੀਅਨ ਦੇ ਦੋ ਰੂਪ, ਜਿਹੜੇ ਪੂਰਬੀ ਤੇ ਪੱਛਮੀ ਲੋਕ-ਬੋਲੀਆਂ ਦੇ ਆਧਾਰ ਵਿਚੋਂ ਫੁੱਟਦੇ ਹਨ; ਅਲਬਾਨੀਅਨ ਦੇ ਦੋ ਰੂਪ ਜਿਹੜੇ ਲੋਕ-ਬੋਲੀ ਆਧਾਰ ਵਿਚੋਂ ਨਿਕਲਦੇ ਹਨ, ਦੱਖਣੀ ਰੂਪ ਦਾ ਆਧਾਰ ਤੋਸਕ ਉਪ-ਭਾਖਾ ਹੈ ਅਤੇ ਉਤਰੀ ਰੂਪ ਦਾ ਆਧਾਰ ਚੇਗ ਉਪ-ਭਾਖਾ। ਇਹ ਢੁਕਾਓ ਪਹਿਲ ਦੁਆਰਾ ਦਖਣੀ ਉਪ-ਭਾਖਾ ਤੇ ਆਧਾਰਤ ਸਾਂਝੀ ਅਲਬਾਨੀ ਕੌਮੀ ਭਾਸ਼ਾ ਦੀ ਰਚਨਾ ਲਈ ਸਹਾਈ ਹੈ।

ਨਾਰਵੇਜੀਅਨ ਸਾਹਿਤਕ ਭਾਸ਼ਾ ਦੀ ਇਕ ਦੁਰਲਭ ਕਿਸਮ ਹੈ ਜਿਸ ਦੇ ਦੋ ਰੂਪ ਹਨ। ਇਹਨਾਂ ਵਿਚੋਂ ਇਕ ਸਾਹਿਤਕ ਡੇਨਿਸ਼ ਅਤੇ ਓਸਲੋ ਜ਼ੈਲੀ-ਭਾਖਾ ਦੇ ਖਿੰਡਾਅ ਦੇ ਸਿੱਟੇ ਵਜੋਂ ਪੈਦਾ ਹੋਈ ਅਤੇ ਇਸ ਦਾ ਨਾਂ "ਡੇਨਿਸ਼-ਨਾਰਵੇਜੀਅਨ" ਹੋਇਆ। ੧੯ਵੀਂ ਸਦੀ ਦੇ ਅੰਤ

Sri Satguru Jagjit Singh Ji Elibrary NamdhariElibrary@gmail.com

ਤੋਂ ਪਿਛੋਂ ਇਸ ਨੂੰ ਰਿਕਸਮੋਲ ਜਾਂ "ਰਾਜ ਭਾਸ਼ਾ' ਆਖਿਆ ਗਿਆ। ਦੂਜਾ ਰੂਪ ਬੋਲ ਚਾਲ ਦੀ ਨਾਰਵੇਜੀਅਨ ਉਪ-ਭਾਖਾ ਦੇ ਬਨਾਉਟੀ ਸੰਜੋਗ ਦਾ ਰੂਪ ਹੈ ਜਿਹੋੜਾ ਨਾਰਵੇ ਦੇ ਇਕ ਭਾਸ਼ਾ ਵਿਗਿਆਨੀ, ਇਵਾਰ ਆਸੇਨ, ਨੇ ਤਿਆਰ ਕੀਤੀ ਸੀ। ੧੯ਵੀਂ ਸਦੀ ਦੇ ਅੱਧ ਤੋਂ ਇਸ ਨੂੰ ਲੈਂਡਸਮੋਲ ਜਾਂ ਸਾਹਿਤਕ ਤੌਰ ਤੇ "ਦੇਸ਼-ਭਾਸ਼ਾ" ਆਖਿਆ ਜਾਣ ਲੱਗਾ। ਇਸ ਵੇਲੇ ਇਸ ਦਾ ਸਰਕਾਰੀ ਨਾਂ "ਨਾਰਵੇਜੀਅਨ" ਹੈ। ਦੋਵੇਂ ਰੂਪ ਸਰਕਾਰੀ ਭਾਸ਼ਾ ਵਜੋਂ ਵਰਤੇ ਜਾਂਦੇ ਹਨ ਅਤੇ ਨਾਲੋ ਨਾਲ ਸਕੂਲ ਵਿਚ ਪੜ੍ਹਾਏ ਜਾਂਦੇ ਹਨ। ਪਰੰਤੂ ਬੋਲ ਚਾਲ, ਵਪਾਰ, ਵਿਗਿਆਨ ਅਤੇ ਪ੍ਰੈਸ ਵਿਚ ਰਿਕਸਮੋਲ ਦੀ ਪ੍ਰਬਲਤਾ ਹੈ। ਇਹ ਵਧੇਰੇ ਕਰਕੇ ਸਾਹਿਤ ਦੀ ਭਾਸ਼ਾ ਵੀ ਹੈ।

ਉਹ ਸਾਹਿਤਕ ਭਾਸ਼ਾਵਾਂ ਵੀ ਦਿਲਚਸਪੀ ਤੋਂ ਖ਼ਾਲੀ ਨਹੀਂ ਜਿਹੜੀਆਂ ਇਕੋ ਸਮੇਂ ਦੋ ਲਿਪੀਆਂ ਦੀ ਵਰਤੋਂ ਕਰਦੀਆਂ ਹਨ ਭਾਵੇਂ ਉਹਨਾਂ ਦਾ ਲਿਪੀ-ਕਲਾ ਪੱਖੋਂ ਆਪੋ ਵਿਚ ਕੋਈ ਸਬੰਧ ਨਹੀਂ, ਅਤੇ ਇਤਿਹਾਸਕ ਤੌਰ ਤੇ ਉਹ ਦੂਰ ਦੂਰ ਹਨ। ਮਲਾਈ ਇਸ ਦੀ ਮਿਸਾਲ ਹੈ ਜਿਸ ਵਿਚ ਲਾਤੀਨੀ ਤੇ ਅਰਬੀ ਦੋਵੇਂ ਲਿਪੀਆਂ ਮੌਜੂਦ ਹਨ। ਮਾਦੂਰੀ ਇਕ ਹੋਰ ਉਦਾਹਰਣ ਹੈ ਜਿਸ ਵਿਚ ਜਾਪਾਨੀ ਲਿਪੀ ਨਾਲ ਮਿਲਦੀ ਲਿਪੀ ਦੇ ਨਾਲ ਨਾਲ ਹੀ ਲਾਤੀਨੀ ਵਰਣਮਾਲਾ ਵੀ ਵਰਤੀ ਜਾਂਦੀ ਹੈ। ਹੋਰ ਵੀ ਬਹੁਤ ਸਾਰੀਆਂ ਮਿਸਾਲਾਂ ਹਨ।

ਭਾਸ਼ਾ ਦੇ ਹਰ ਖੇਤਰ ਵਿਚ ਸਾਂਝੇ ਨੇਮਾਂ ਤੀ ਸਥਾਪਤੀ ਨੂੰ ਵਿਸ਼ਾਲ ਰੂਪ ਵਿਚ ਕੌਮੀ ਭਾਸ਼ਾ ਦੀ ਪਛਾਣ ਸਮਝਿਆ ਜਾਂਦਾ ਹੈ। ਇਹ ਵਿਚਾਰ ਬਹੁਤ ਸਾਰੀਆਂ ਆਧੁਨਿਕ ਸਾਹਿਤਕ ਭਾਸ਼ਾਵਾਂ ਅਤੇ ਖ਼ਾਸ ਕਰਕੇ

Sri Satguru Jagjit Singh Ji Elibrary NamdhariElibrary@gmail.com

ਸੋਵੀਅਤ ਯੂਨੀਅਨ ਦੀਆਂ ਭਾਸ਼ਾਵਾਂ ਤੋਂ ਪ੍ਰਗਟ ਹੁੰਦਾ ਹੈ। ਪਰੰਤੂ, ਇਹ ਗੱਲ ਬਿਨਾਂ ਛੋਟ ਦੇ, ਸਭਨਾਂ ਭਾਸ਼ਾਵਾਂ ਤੇ ਲਾਗੂ ਨਹੀਂ ਹੁੰਦੀ, ਹਰ ਇਕਹਿਰੀ ਕੌਮੀ ਭਾਸ਼ਾ ਉਤੇ ਵੀ ਨਹੀਂ।

ਸਾਹਿਤ ਵਿਚ ਉਪ-ਭਾਖਾਈ ਅੰਸ਼ਾਂ ਦੀ ਵਿਸ਼ਾਲ ਵਰਤੋਂ ਦਿਖਾਈ ਦੇਂਦੀ ਹੈ। ਆਧੁਨਿਕ ਇੰਡੋਨੇਸ਼ੀਆਈ, ਜਿਸ ਦੀਆਂ ਉਪ-ਭਾਖਾਵਾਂ ਵਿਚ ਰਸਾਲੇ ਤੇ ਪੁਸਤਕਾਂ ਛਪਦੀਆਂ ਹਨ, ਮਲਾਈ ਦਾ ਹੀ ਇਕ ਰੂਪ ਹੈ।

ਅੰਤਰ-ਬਣਤਰੀ ਲੱਛਣ, ਜਿਨ੍ਹਾਂ ਦਾ ਅਸੀਂ ਜ਼ਿਕਰ ਕੀਤਾ ਹੈ, ਸਾਹਿਤਕ ਭਾਸ਼ਾਵਾਂ ਦੇ ਰੂਪ, ਪ੍ਰਕਾਰ ਅਤੇ ਰੂਪਾਂਤਰਾਂ ਦਾ ਖ਼ਾਸਾ ਬਿਆਨ ਕਰਨ ਵਿਚ ਸਹਾਈ ਹੁੰਦੇ ਹਨ। ਜ਼ਾਹਰ ਹੈ ਕਿ ਇਸ ਦ੍ਰਿਸ਼ਟੀ ਤੋਂ ਇਹਨਾਂ ਦਾ ਅਧਿਅਨ ਬਹੁਤ ਹੱਦ ਤਕ ਇਤਿਹਾਸ ਦੀ ਅੰਤਰ-ਭਾਸ਼ਾਈ ਦਿਲਚਸਪੀ ਦੀ ਚੀਜ਼ ਹੈ।

ਸਾਹਿਤਕ ਭਾਸ਼ਾ ਦੀਆਂ ਵੱਖ ਵੱਖ ਕਿਸਮਾਂ ਬਿਆਨ ਕਰਨ ਅਤੇ ਉਹਨਾਂ ਦੀ ਅਜੋਕੀ ਹਾਲਤ ਦੀ ਅਤੇ ਸਮਾਜ-ਵਿਗਿਆਨਕ ਯੋਜਨਾ ਦੇ ਅਧਾਰ ਤੇ ਉਹਨਾਂ ਦੇ ਭਵਿਖੀ ਵਿਕਾਸ ਦੀਆਂ ਸੰਭਾਵਨਾਵਾਂ ਦੀ ਵਿਆਖਿਆ ਕਰਨ ਲਈ ਸਾਨੂੰ ਦੂਜੇ ਅਸੂਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਉਹ ਹਨ ਹਰ ਨਿਸਚਿਤ ਭਾਸ਼ਾ ਵਲੋਂ ਅਲੱਗ ਅਲੱਗ ਤੌਰ ਉਤੇ ਅਤੇ ਦੂਜੀਆਂ ਭਾਸ਼ਾਵਾਂ ਦੇ ਸਬੰਧ ਵਿਚ (ਇਕ ਬਹੁ-ਕੌਮੀ ਰਾਜ ਵਿਚ) ਪੂਰੇ ਕੀਤੇ ਸਮਾਜੀ ਕਰਤਵ।

ਨਾਲ ਲਗਦੀ ਗੱਲ, ਬਹੁਤੀਆਂ ਆਧੁਨਿਕ ਸਾਹਿੱਤਕ ਭਾਸ਼ਾਵਾਂ ਨੂੰ ਹੇਠ ਲਿਖਤ ਕਿਸਮਾਂ ਜਾਂ ਗਰੁਪਾਂ ਵਿਚ ਵੰਡਿਆ ਜਾ ਸਕਦਾ ਹੈ:
੧) ਉਹ ਭਾਸ਼ਾਵਾਂ ਜਿਹੜੀਆਂ ਕੌਮੀ ਜਾਂ ਸਰਕਾਰੀ ਭਾਸ਼ਾਵਾਂ ਦੇ

Sri Satguru Jagjit Singh Ji Elibrary NamdhariElibrary@gmail.com

ਸਮਾਜੀ ਕਰਤੱਵ ਪੂਰੇ ਕਰਦੀਆਂ ਹਨ ਜਾਂ ਜਿਹੜੀਆਂ ਅੰਤਰ-ਰਾਸ਼ਟਰੀ ਸੰਪਰਕ ਦੀਆਂ ਭਾਸ਼ਾਵਾਂ ਹਨ; ੨) ਵਡੀਆਂ ਕੌਮਾਂ ਦੀਆਂ ਵਿਸ਼ਾਲ ਸਮਾਜੀ ਕਰਤਵਾਂ ਵਾਲੀਆਂ ਕੌਮੀ ਭਾਸ਼ਾਵਾਂ (ਜਾਂ ਸਰਕਾਰੀ ਭਾਸ਼ਾਵਾਂ); ੩) ਦੂਜੇ ਸੰਸਾਰ ਯੁਧ ਤੋਂ ਪਿਛੋਂ ਸਾਮਰਾਜੀ ਜੂਲੇ ਤੋਂ ਮੁਕਤ ਹੋਏ ਬਹੁ-ਕੌਮੀ ਰਾਜਾਂ ਦੀਆਂ ਸਰਕਾਰੀ ਰਾਜ ਭਾਸ਼ਾਵਾਂ; ੪) ਉਹ ਭਾਸ਼ਾਵਾਂ ਜਿਨ੍ਹਾਂ ਦੇ ਸਮਾਜੀ ਕਰਤਵਾਂ ਵਿਚ ਉਸ ਰਾਜ ਦੇ ਲੋਕਾਂ ਦੀ ਸਰਗਰਮੀ ਦੇ ਸਭ ਖੇਤਰ ਨਹੀਂ ਆਉਂਦੇ; ੫) ਜਿਨ੍ਹਾਂ ਦੀ ਪ੍ਰਾਇਮਰੀ ਤੇ ਸੈਕੰਡਰੀ ਸਕੂਲਾਂ ਵਿਚ ਮਾਧਿਅਮ ਵਜੋਂ ਵਰਤੋਂ ਹੁੰਦੀ ਹੈ; ੬) ਉਹ ਜਿਨ੍ਹਾਂ ਦੇ ਸਮਾਜੀ ਕਰਤਵ ਪ੍ਰਾਇਮਰੀ ਵਿਦਿਆ ਤਕ ਸੀਮਤ ਹਨ; ਲਿਖਤੀ ਭਾਸ਼ਾਵਾਂ ਜਿਹੜੀਆਂ ਪ੍ਰਾਇਮਰੀ ਸਕੂਲ ਦੀਆਂ ਪਹਿਲੀਆਂ ਜੋ ਜਮਾਤਾਂ ਵਿਚ ਸਿਖਿਆ ਲਈ ਅਤੇ ਸੀਮਤ ਪੁਸਤਕਾਂ ਦੇ ਪ੍ਰਕਾਸ਼ਨ ਲਈ ਵਰਤੀਆਂ ਜਾਂਦੀਆਂ ਹਨ; ੮) ਲਿਖਤੀ ਭਾਸ਼ਾਵਾਂ ਜਿਨ੍ਹਾਂ ਵਿਚ ਜਨਤਕ ਵਿਗਿਆਨ, ਗਲਪ ਸਾਹਿੱਤ ਤੇ ਸਮਾਜੀ-ਰਾਜਸੀ ਸਾਹਿੱਤ ਦੀ ਦਰਮਿਆਨੀ ਮਾਤਰਾ ਪ੍ਰਕਾਸ਼ਤ ਹੋਈ ਹੈ, ਪਰ ਕਿਸੇ ਕੌਮੀ ਸਕੂਲ ਦਾ ਕੰਮ ਨਹੀਂ ਚਲਾਇਆ ਜਾਂਦਾ ।

ਪਹਿਲੇ ਗਰੁਪ ਵਿਚ ਆਉਂਦੀਆਂ ਹਨ ਰੂਸੀ, ਅੰਗਰੇਜ਼ੀ, ਫ਼ਰਾਂਸੀਸੀ, ਸਪੇਨੀ ਅਤੇ ਚੀਨੀ ਜੋ ਕਿ ਸੰਯੁਕਤ ਰਾਸ਼ਟਰ ਦੀਆਂ ਸਰਕਾਰੀ ਭਾਸ਼ਾਵਾਂ ਹਨ । ਕੌਮੀ ਭਾਸ਼ਾਵਾਂ ਹੋਣ ਦੇ ਨਾਤੇ ਉਹ ਵਿਸ਼ਾਲ ਘੇਰੇ ਦੇ ਸਮਾਜੀ ਕਰਤਵ ਪੂਰੇ ਕਰਦੀਆਂ ਹਨ ਅਤੇ, ਇਸ ਤੋਂ ਇਲਾਵਾ, ਸਰਕਾਰੀ ਅੰਤਰ-ਰਾਸ਼ਟਰੀ ਭਾਸ਼ਾਵਾਂ ਹਨ ।

ਇਸ ਦੇ ਨਾਲ ਹੀ ਇਹਨਾਂ ਦੇ ਕਰਤਵੀ ਅਤੇ ਟਾਈਪ-

Sri Satguru Jagjit Singh Ji Elibrary NamdhariElibrary@gmail.com

ਵਿਗਿਆਨਕ ਤੇ ਉਤਪਤ ਸਬੰਧੀ ਖ਼ਾਸੇ ਵਖ ਵਖ ਹਨ। ਰੂਸੀ ਸੋਵੀਅਤ ਯੂਨੀਅਨ ਦੀ ਅੰਤਰ-ਭਾਸ਼ਾ ਹੈ, ਪਰ ਨਾਲ ਹੀ ਇਹ ਸਰਕਾਰੀ ਭਾਸ਼ਾ ਨਹੀਂ। ਇਹ ਗ਼ੈਰ-ਰੂਸੀ ਨਾਗਰਿਕਾਂ ਲਈ ਦੂਜੀ ਭਾਸ਼ਾ ਦਾ ਰੋਲ ਅਦਾ ਕਰਦੀ ਹੈ ਅਤੇ ਉਹਨਾਂ ਨੂੰ ਸਾਂਝੀ ਸਮਾਜਕ, ਰਾਜਨੀਤਕ ਆਰਥਕ ਤੇ ਸਭਿਆਚਾਰਕ ਸਰਗਰਮੀਆਂ ਵਿਚ ਇਕ ਦੂਜੇ ਨਾਲ ਸੰਚਾਰ ਕਰਨ ਵਿਚ ਸਹਾਇਤਾ ਕਰਦੀ ਹੈ। ਇਸ ਦੇ ਉਲਟ, ਅੰਗਰੇਜ਼ੀ ਤੇ ਫ਼ਰਾਂਸੀਸੀ ਬਰਤਾਨੀਆਂ ਤੇ ਫ਼ਰਾਂਸ ਦੀਆਂ ਸਰਕਾਰੀ ਭਾਸ਼ਾਵਾਂ ਹਨ ਜਦ ਕਿ ਅੰਗਰੇਜ਼ੀ ਦਾ ਅਮਰੀਕਨ ਰੂਪਾਂਤਰ ਅਮਰੀਕਾ ਦੀ ਸਰਕਾਰੀ ਭਾਸ਼ਾ ਹੈ।

ਭਾਵੇਂ ਅੰਗਰੇਜ਼ਾ ਤੇ ਫ਼ਰਾਂਸੀਸੀ ਅਕਸਰ ਅੰਤਰ-ਰਾਸ਼ਟਰੀ ਭਾਸ਼ਾਵਾਂ ਵਜੋਂ ਵਰਤੀਆਂ ਜਾਂਦੀਆਂ ਹਨ, ਪਰ ਅਦਾ ਕੀਤੇ ਜਾਂਦੇ ਸਮਾਜੀ ਕਰਤਵਾਂ ਦੇ ਖੇਤਰ ਤੇ ਵੰਨਗੀ ਵਿਚ ਇਹ ਰੂਸੀ ਨਾਲ ਬਹੁਤ ਹੀ ਵਖਰੀਆਂ ਹਨ।

ਜਿਥੋਂ ਤਕ ਅੰਤਰ-ਰਾਸ਼ਟਰੀ ਭਾਸ਼ਾਵਾਂ ਵਜੋਂ ਇਹਨਾਂ ਦੇ ਰੋਲ ਦਾ ਸਬੰਧ ਹੈ, ਇਹ ਕਿਹਾ ਜਾਣਾ ਚਾਹੀਦਾ ਹੈ ਕਿ ਜੰਗ ਤੋਂ ਪਿਛਲੇ ਸਮੇਂ ਵਿਚ ਰੂਸੀ ਦੇ ਰੋਲ ਵਿਚ ਬਹੁਤ ਵਾਧਾ ਹੋਇਆ ਹੈ ਅਤੇ ਅੰਗਰੇਜ਼ੀ (ਭਾਰਤ ਵਿਚ) ਫ਼ਰਾਂਸੀਸੀ (ਹਿੰਦ-ਚੀਨੀ, ਇੰਡੋਨੇਸ਼ੀਆ, ਅਫ਼ਰੀਕਾ) ਸਪੇਨੀ (ਅਫ਼ਰੀਕਾ ਤੇ ਯੂਰਪ) ਸਬੰਧੀ ਸਚਾਈ ਇਸ ਦੇ ਉਲਟ ਹੈ।

ਵਿਸ਼ਾਲ ਸਮਾਜੀ ਕਰਤਵਾਂ ਵਾਲੀਆਂ ਅੰਤਰ-ਰਾਸ਼ਟਰੀ ਭਾਸ਼ਾਵਾਂ ਦਾ ਖ਼ਾਸਾ ਇਹ ਹੈ ਕਿ ਦੂਜੀਆਂ ਭਾਸ਼ਾਵਾਂ ਦੇ ਟਾਕਰੇ ਤੇ ਇਹਨਾਂ ਦੀ ਸ਼ਬਦਾਵਲੀ, ਸ਼ੈਲੀ, ਮੁਹਾਵਰੇ ਆਦਿ ਦਾ ਵਿਕਾਸ ਬਹੁਤ ਤੇਜ਼ੀ ਨਾਲ ਹੁੰਦਾ ਹੈ।

ਜਰਮਨ, ਇਤਾਲਵੀ, ਜਾਪਾਨੀ ਤੇ ਡੱਚ, ਜੋ ਕਿ ਬਹੁਤ ਵਿਸ਼ਾਲ ਸਮਾਜੀ ਕਰਤਵਾਂ ਵਾਲੀਆਂ ਕੌਮੀ ਭਾਸ਼ਾਵਾਂ ਹਨ, ਨੂੰ ਵੀ ਪਹਿਲੇ ਗਰੁਪ

Sri Satguru Jagjit Singh Ji Elibrary NamdhariElibrary@gmail.com

ਵਿਚ ਰਖਿਆ ਜਾ ਸਕਦਾ ਹੈ ਸਵਾਏ ਇਸ ਗੱਲ ਦੇ ਕਿ ਉਹ ਸਰਕਾਰੀ ਅੰਤਰ-ਰਾਸ਼ਟਰੀ ਭਾਸ਼ਾਵਾਂ ਨਹੀਂ ਹਨ ਅਤੇ ਅੰਤਰ-ਭਾਸ਼ਾਵਾਂ ਵਜੋਂ ਉਹਨਾਂ ਦੇ ਕਰਤੱਵ ਸਬੰਧਕੀ ਰੂਪ ਵਿਚ ਸੀਮਤ ਹਨ।

ਦੂਜਾ ਗਰੁੱਪ — ਜਰਮਨ, ਇਤਾਲਵੀ ਤੇ ਜਾਪਾਨੀ — ਭਾਸ਼ਾਵਾਂ ਦੇ ਪਹਿਲੇ ਗਰੁੱਪ ਤੋਂ ਬਹੁਤਾ ਵਖਰਾ ਨਹੀਂ ਹੈ।

ਰਸਮੀ ਅੰਤਰ ਇਹ ਹੈ ਕਿ ਇਹਨਾਂ ਨੂੰ ਸੰਯੁਕਤ ਰਾਸ਼ਟਰ ਦੀਆਂ ਸਰਕਾਰੀ ਭਾਸ਼ਾਵਾਂ ਨਹੀਂ ਚੁਣਿਆ ਗਿਆ। ਇਹ ਸਭੇ ਵਡੇ ਆਧੁਨਿਕ ਰਾਜਾਂ ਦੀਆਂ ਕੌਮੀ ਤੇ ਸਰਕਾਰੀ ਭਾਸ਼ਾਵਾਂ ਹਨ ਅਤੇ ਵਿਸ਼ਾਲ ਸਮਾਜੀ ਕਰਤੱਵ ਪੂਰੇ ਕਰਦੀਆਂ ਹਨ। ਦੋ ਜਰਮਨ ਰਾਜਾਂ (ਜਰਮਨ ਜਮਹੂਰੀ ਰੀਪਬਲਿਕ ਤੇ ਫ਼ੈਡਰਲ ਜਰਮਨ ਰੀਪਬਲਿਕ)। ਇਟਲੀ ਅਤੇ ਜਾਪਾਨ ਵਿਚ ਜਰਮਨ, ਇਤਾਲਵੀ ਤੇ ਜਾਪਾਨੀ ਦਾ ਟਾਕਰਾ ਕਰਨ ਵਾਲੀ ਕੋਈ ਹੋਰ ਭਾਸ਼ਾ ਨਹੀਂ। ਇਸ ਤੋਂ ਇਲਾਵਾ, ਇਹ ਦੇਸ਼ ਸੋਵੀਅਤ ਯੂਨੀਅਨ, ਭਾਰਤ, ਚੀਨ ਅਤੇ ਇੰਡੋਨੇਸ਼ੀਆ ਵਾਂਗ ਬਹੁ-ਕੌਮੀ ਰਾਜ ਨਹੀਂ ਹਨ ਜਿਹੜੀ ਗੱਲ ਉਹਨਾਂ ਦੀਆਂ ਭਾਸ਼ਾਵਾਂ ਦੇ ਸਮਾਜੀ ਕਰਤਵਾਂ ਉਤੇ ਅਸਰ ਪਾਉਂਦੀ ਹੈ।

ਤੀਜੇ ਗਰੁਪ ਵਿਚ ਹਨ ਇੰਡੋਨੇਸ਼ੀਆਈ, ਹਿੰਦੀ, ਉਰਦੂ ਤੇ ਅਰਬੀ। ਭਾਰਤ, ਇੰਡੋਨੇਸ਼ੀਆਈ, ਪਾਕਿਸਤਾਨ ਅਤੇ ਅਰਬ-ਪੂਰਬ ਵਿਚ ਸਾਮਾਰਾਜੀ ਗਲਬੇ ਦੇ ਢਹਿ-ਢੇਰੀ ਹੋਣ ਕਾਰਨ ਇਹਨਾਂ ਭਾਸ਼ਾਵਾਂ ਦੇ ਰੋਲ ਵਿਚ ਵਾਧਾ ਹੋਇਆ ਹੈ। ਇੰਡੋਨੇਸ਼ਿਆਈ, ਹਿੰਦੀ ਤੇ ਉਰਦੂ ਨੇ ਹਾਲੇ ਸਾਰਕਾਰੀ ਭਾਸ਼ਾਵਾਂ ਵਜੋਂ ਆਪਣੀ ਸਥਿਤੀ ਨੂੰ ਮਜ਼ਬੂਤ ਕਰਨਾ ਅਰੰਭਿਆ ਹੀ ਹੈ। ਜਿਥੋਂ ਤਕ ਸਾਹਿੱਤਕ ਅਰਬੀ ਦਾ ਸਬੰਧ ਹੈ, ਇਹ

Sri Satguru Jagjit Singh Ji Elibrary NamdhariElibrary@gmail.com

ਅਲਜੇਰੀਆ, ਮਿਸਰ, ਇਰਾਕ ਆਦਿ ਵਿਚ ਸਥਾਨਕ ਬੋਲਚਾਲ ਦੀ ਅਰਬੀ ਨਾਲੋਂ ਚੋਖੀ ਵਖਰੀ ਹੈ ।

ਤੀਜੇ ਗਰੁਪ ਦੀਆਂ ਭਾਸ਼ਾਵਾਂ ਇਸ ਵੇਲੇ ਆਪੋ ਆਪਣੇ ਦੇਸ਼ਾਂ ਵਿਚ ਆਧਾਰ ਫੜ ਰਹੀਆਂ ਹਨ । ਹਾਲੇ ਅੰਤਰ-ਰਾਸ਼ਟਰੀ ਪਿੜ ਵਿਚ ਇਹਨਾਂ ਦਾ ਭਵਿੱਖੀ ਰੋਲ ਨਿਰੂਪਤ ਕਰਨਾ ਕਠਨ ਹੈ, ਭਾਵੇਂ ਇਹ ਗੱਲ ਸੰਭਾਵਨਾ ਤੋਂ ਬਾਹਰ ਨਹੀਂ ਕਿ ਸੰਸਾਰ ਮਹੱਤਤਾ ਦੀਆਂ ਅੰਤਰ-ਰਾਸ਼ਟਰੀ ਭਾਸ਼ਾਵਾਂ ਬਣਨ ਲਈ ਉਹਨਾਂ ਨੇ ਸਮਾਜੀ ਕਰਤਵਾਂ ਨੂੰ ਚੋਖਾ ਵਿਸਤ੍ਰਿਤ ਕੀਤਾ ਜਾ ਸਕਦਾ ਹੈ ।

ਡੱਚ, ਬੈਲਜੀਅਮ ਦੀ ਸਾਹਿੱਤਕ ਭਾਸ਼ਾ, ਤੁਰਕੀ, ਯੂਨਾਨੀ, ਫ਼ਾਰਸੀ ਡੇਨਿਸ਼, ਨਾਰਵੇਜੀਅਨ, ਸਵੇਡਿਸ਼ ਤੇ ਕੁਝ ਹੋਰ ਦੇਸ਼ਾਂ ਦੀਆਂ ਭਾਸ਼ਾਵਾਂ ਚੌਥੇ ਗਰੁੱਪ ਵਿਚ ਆਉਂਦੀਆਂ ਹਨ । ਇਹਨਾਂ ਵਿਚੋਂ ਕਈਆਂ ਨੇ ਸਭਿਆਚਾਰ ਤੇ ਵਿਗਿਆਨ ਦੇ ਇਤਿਹਾਸ ਵਿਚ ਅਤੇ ਬਲਵਾਨ ਰਾਜਾਂ ਦੀ ਉਸਾਰੀ ਵਿਚ (ਫ਼ਾਰਸੀ, ਤੁਰਕੀ ਤੇ ਨੀਦਰਲੈਂਡ ਦੀ ਡੱਚ ਨੇ) ਇਕ ਮਹਾਨ ਰੋਲ ਅਦਾ ਕੀਤਾ ਹੈ । ਇਸ ਗਰੁੱਪ ਦੀ ਹਰ ਭਾਸ਼ਾ ਦਾ ਅਮੀਰ ਸਾਹਿੱਤਕ ਭੂਤ ਹੈ । ਯੂਨਾਨੀ, ਫ਼ਾਰਸੀ ਅਤੇ ਡੱਚ ਪ੍ਰਾਦੇਸ਼ਕ ਅੰਤਰ-ਰਾਸ਼ਟਰੀ ਭਾਸ਼ਾਵਾਂ ਹੁੰਦੀਆਂ ਸਨ ਅਤੇ ਕੁਝ ਹੱਦ ਤਕ ਹੁਣ ਵੀ ਹਨ ।

ਇਸ ਵੇਲੇ ਭਾਵੇਂ ਅੰਤਰ-ਰਾਸ਼ਟਰੀ ਤੌਰ ਤੇ ਨਾ ਸਹੀ, ਉਹ ਆਪਣੇ ਦੇਸ਼ਾਂ ਦੀਆਂ ਹੱਦਾਂ ਵਿਚ ਮੁਖ ਕਰ ਕੇ ਸਗੋਂ ਵਧੇਰੇ ਵਿਸ਼ਾਲ ਸਮਾਜੀ ਕਰਤਵ ਪੂਰੇ ਕਰਦੀਆਂ ਹਨ । ਇਹ ਸੱਚ ਹੈ ਕਿ ਡੱਚ ਲਾਤੀਨੀ ਅਮਰੀਕਾ ਵਿਚ ਵਧੇਰੇ ਉੱਘੀ ਥਾਂ ਦੀ ਮਾਲਕ ਹੈ ਅਤੇ ਇਸੇ ਤਰ੍ਹਾਂ ਹੀ ਫ਼ਾਰਸੀ ਪੂਰਬ ਵਿਚ । ਗੱਲ ਇਉਂ ਨਹੀਂ ਪ੍ਰਤੀਤ ਹੁੰਦੀ ਕਿ ਇਹਨਾਂ

Sri Satguru Jagjit Singh Ji Elibrary NamdhariElibrary@gmail.com

ਭਾਸ਼ਾਵਾਂ ਵਿਚ ਵਿਗਿਆਨ ਤੇ ਟੈਕਨਾਲੋਜੀ ਦੀਆਂ ਸਭਨਾਂ ਸ਼ਾਖ਼ਾਂ ਸੰਬੰਧੀ ਪੁਸਤਕਾਂ ਦੀ ਭਾਰੀ ਗਿਣਤੀ ਸਦਾ ਹੀ ਪਰਕਾਸ਼ਤ ਕੀਤੀ ਜਾਏਗੀ ਜਾਂ ਇਹ ਰੂਸੀ, ਅੰਗਰੇਜ਼ੀ, ਜਾਂ ਮਿਸਾਲ ਲਈ, ਫ਼ਰਾਂਸੀਸੀ ਵਾਂਗ ਅੰਤਰ-ਰਾਸ਼ਟਰੀ ਭਾਸ਼ਾਵਾਂ ਬਣ ਜਾਣਗੀਆਂ ।

ਜਿਥੋਂ ਤਕ ਬਾਕੀ ਗਰੁੱਪਾਂ (੫-੮) ਦਾ ਸੰਬੰਧ ਹੈ, ਇਹਨਾਂ ਵਿਚਲੀਆਂ ਭਾਸ਼ਾਵਾਂ ਦੀ ਭਾਰੀ ਬਹੁ-ਗਿਣਤੀ ਨੇ ਸੋਸ਼ਲਿਸਟ ਜੁਗ ਵਿਚ, ਰੂਸ ਵਿਚ ਅਕਤੂਬਰ ਇਨਕਲਾਬ ਦੇ ਸ਼ਕਤੀਸ਼ਾਲੀ ਪਰਭਾਵ ਹੇਠ, ਜਿਸ ਦੀਆਂ ਗੂੰਜਾਂ ਸੰਸਾਰ ਭਰ ਵਿਚ ਗੂੰਜੀਆਂ, ਵਿਕਸਤ ਹੋਣਾ ਸ਼ੁਰੂ ਕੀਤਾ ।

ਹੁਣ ਤਕ ਨਿਰੋਲ ਬੋਲਚਾਲ ਦੀਆਂ ਭਾਸ਼ਾਵਾਂ ਲਈ ਲਿਪੀ ਦੇ ਵਿਕਾਸ ਨੇ ਇਹਨਾਂ ਕੌਮਾਂ ਦੀ ਤੇਜ਼ ਰਫ਼ਤਾਰ ਰਾਜਨੀਤਕ, ਆਰਥਕ ਤੇ ਸਭਿਆਚਾਰਕ. ਤਰੱਕੀ ਵਿਚ ਉੱਘਾ ਹਿੱਸਾ ਪਾਇਆ ।

ਨਿਰਸੰਦੇਹ, ੫, ੬, ੭, ੮ ਗਰੁੱਪ ਵਿਚਲੀਆਂ ਭਾਸ਼ਾਵਾਂ ਅਗੇ ਬਹੁਤ ਉੱਜਲੀਆਂ ਸੰਭਾਵਨਾਵਾਂ ਨਹੀਂ । ਪਰ ਬੋਲਚਾਲ ਦੀ ਭਾਸ਼ਾ ਵਾਲੀਆਂ ਕੌਮਾਂ ਦੇ ਵਿਕਾਸ ਦੇ ਮੁੱਢਲੇ ਪੜਾਵਾਂ ਤੇ ਸੋਵੀਅਤ ਤਜਰਬੇ ਤੋਂ ਲਾਭ ਉਠਾਏ ਬਿਨਾਂ ਅਨਪੜ੍ਹਤਾ ਅਤੇ ਰਾਜਨੀਤਕ, ਆਰਥਕ ਤੇ ਸਭਿਆਚਾਰਕ ਪਛੜੇਵੇਂ ਨੂੰ ਤੁਰਤ .ਫੁਰਤ ਦੂਰ ਕਰਨਾ ਸਚਮੁਚ ਹੀ ਕਠਨ ਹੋਵੇਗਾ ।

ਨਵੀਂ ਲਿਪੀ ਦੇ ਵਿਕਾਸ ਤੋਂ ਪਹਿਲਾਂ, ਸਭ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਆਧੁਨਿਕ ਭਾਸ਼ਾਵਾਂ ਦੇ ਕਰਤਵ ਤੇ ਵਿਕਾਸ ਦੀ ਮੁੱਖ ਸਮੱਸਿਆ— ਹਾਲ ਵਿਚ ਹੀ ਲਿਖਤ ਵਿਚ ਆਈਆਂ ਭਾਸ਼ਾਵਾਂ ਦੇ ਸਮਾਜੀ ਕਰਤਵਾਂ ਦੇ ਪਸਾਰ ਦੀ ਸਮੱਸਿਆ — ਹਲ ਕਰ ਲਈ ਜਾਏ ।

Sri Satguru Jagjit Singh Ji Elibrary NamdhariElibrary@gmail.com

ਸੋਵੀਅਤ ਤਜਰਬੇ ਦੀ ਅੰਤਰ-ਰਾਸ਼ਟਰੀ ਮਹੱਤਤਾ

ਮਾਹਿਰਾਂ ਅਨੁਸਾਰ, ਇਸ ਵੇਲੇ ਸੰਸਾਰ ਵਿਚ ਲਗਪਗ ੨,੫੦੦ — ੩,੦੦੦ ਭਾਸ਼ਾਵਾਂ ਹਨ। ਇਹਨਾਂ ਵਿਚੋਂ ਚਾਰ ਭਾਸ਼ਾਵਾਂ ਨੂੰ, ੧੦ ਕਰੋੜ ਜਾਂ ਵਧੇਰੇ ਲੋਕ ਬੋਲਦੇ ਹਨ। ਛੇ ਹੋਰ ਭਾਸ਼ਾਵਾਂ ਨੂੰ ਬੋਲਣ ਵਾਲਿਆਂ ਦੀ ਗਿਣਤੀ ੫ ਤੋਂ ੧੦ ਕਰੋੜ ਤਕ ਹੈ; ੩੩ ਭਾਸ਼ਾਵਾਂ ਨੂੰ ਇਕ ਤੋਂ ਪੰਜ ਕਰੋੜ ਤਕ ਲੋਕ ਬੋਲਦੇ ਹਨ; ਅਤੇ ੧੭੦ ਭਾਸ਼ਾਵਾਂ ਹਨ, ਜਿਨ੍ਹਾਂ ਦੀ ਵਰਤੋਂ ਕਰਨ ਵਾਲੇ ਦਸ ਲੱਖ ਤੋਂ ਇਕ ਕਰੋੜ ਤਕ ਹਨ। ਅਜਿਹੀਆਂ ਭਾਸ਼ਾਵਾਂ ਹਨ ਜਿਨ੍ਹਾਂ ਨੂੰ ਬੋਲਣ ਵਾਲੇ ਦਸ ਲੱਖ ਤੋਂ ਵੀ ਘਟ ਤੋਂ ਲੈ ਕੇ ਮੁੱਠੀ ਭਰ ਤੱਕ — ਕੁਝ ਸੈਂਕੜਿਆਂ ਤੱਕ ਹੀ — ਹਨ।

ਉਹ ਲੋਕ ਜਿਨ੍ਹਾਂ ਦੀਆਂ ਮਾਂ ਬੋਲੀਆਂ ਇਸ ਪਿਛਲੇ ਵਰਗ ਵਿਚ ਆਉਂਦੀਆਂ ਹਨ, ਮਨੁੱਖਤਾ ਲਗ ਪਗ ਤੀਜਾ ਹਿੱਸਾ (ਲਗਪਗ ਇਕ ਅਰਬ) ਹਨ। ਇਹ ਮੁਖ ਕਰ ਕੇ ਏਸ਼ੀਆ, ਅਮਰੀਕਾ, ਤੇ ਲਾਤੀਨੀ ਅਮਰੀਕਾ ਵਿਚ ਰਹਿੰਦੇ ਹਨ ਅਤੇ ਇਹਨਾਂ ਵਿਚ ਅਨਪੜ੍ਹਤਾ ਦੀ ਦਰ ਸਭ ਤੋਂ ਵਧ ਹੈ।

ਇਹ ਛੋਟੀਆਂ ਕੌਮਾਂ ਆਮ ਕਰ ਕੇ ਧਰਤੀ ਦੇ ਅਤਿ ਪਛੜੇ ਇਲਾਕਿਆਂ ਵਿਚ ਰਹਿੰਦੀਆਂ ਹਨ। ਰਸਮਨ ਇਹ ਪਿੰਡਾਂ ਵਿਚ ਰਹਿੰਦੇ

Sri Satguru Jagjit Singh Ji Elibrary NamdhariElibrary@gmail.com

ਹਨ, ਛੋਟੇ ਛੋਟੇ ਨਿਖੜੇ ਭਾਈਚਾਰਿਆਂ ਦੇ ਰੂਪ ਵਿਚ, ਨਿੱਕੇ ਨਿੱਕੇ ਟਾਪੂਹਾਰਾਂ ਵਾਂਗ, ਵਖ ਵਖ ਮਹਾਂਦੀਪਾਂ ਤੇ ਦੇਸ਼ਾਂ ਵਿਚ। ਆਮ ਕਰ ਕੇ ਇਹਨਾਂ ਵਿਚੋਂ ਬਹੁਤੇ ਕੇਵਲ ਆਪਣੀ ਮਾਂ ਬੋਲੀ ਹੀ ਬੋਲਦੇ ਹਨ। ਇਸ ਤੋਂ ਇਲਾਵਾ, ਦਸ ਲੱਖ ਤੋਂ ਇਕ ਕਰੋੜ ਦੀ ਕਿਸਮ ਵਿਚ ਉਹ ਲੋਕ ਵੀ ਸ਼ਾਮਲ ਹਨ ਜਿਹੜੇ ਕੌਮੀ ਪਰਪੱਕਤਾ, ਖ਼ੁਦ-ਅਖ਼ਤਿਆਰੀ ਆਪਣੀ ਲਿਪੀ ਅਤੇ ਆਪਣੇ ਕੌਮੀ ਸਭਿਆਚਾਰ ਦੇ ਵਿਕਾਸ ਦੀਆਂ ਸੰਭਾਵਨਾਵਾਂ ਚਾਹੁੰਦੇ ਹਨ।

ਨਿਸਚੇ ਹੀ ਹਰ ਛੋਟੀ ਕੌਮੀਅਤ ਜਾਂ ਨਸਲੀ ਗਰੁੱਪ ਨੂੰ ਵਾਸਤਵ ਵਿਚ ਆਪਣੀ ਲਿੱਪੀ ਦੀ ਲੋੜ ਨਹੀਂ। ਆਮ ਕਰ ਕੇ, ਕੁਝ ਸੈਂਕੜਿਆਂ ਤੋਂ ਕੁਝ ਹਜ਼ਾਰ ਮੈਂਬਰਾਂ ਤੇ ਅਧਾਰਤ ਨਸਲੀ ਗਰੁੱਪਾਂ ਨੂੰ ਵਡੀ ਕੌਮ ਦੀ ਭਾਸ਼ਾ ਦਾ ਕੰਮ-ਚਲਾਊ ਗਿਆਨ ਪ੍ਰਾਪਤ ਹੈ ਅਤੇ ਉਹ ਆਸਾਨੀ ਨਾਲ ਹੀ ਇਸ ਦੀ ਬੋਲੀ ਤੇ ਲਿਪੀ ਦੀ ਵਰਤੋਂ ਕਰ ਸਕਦੇ ਹਨ।

ਅਜਿਹੀਆਂ ਹਾਲਤਾਂ ਵਿਚ ਸਥਾਨਕ ਭਾਸ਼ਾ ਨੂੰ ਅਨਪੜ੍ਹਤਾ ਦੂਰ ਕਰਨ, ਗਿਆਨ ਫੈਲਾਉਣ ਤੇ ਸਭਿਆਚਾਰ ਉੱਨਤ ਕਰਨ ਦੇ ਵਡੇ ਸਾਧਨ ਵਜੋਂ ਵਰਤ ਕੇ ਸਭ ਤੋਂ ਚੰਗੇ ਸਿੱਟੇ ਪ੍ਰਾਪਤ ਹੋਣਗੇ। ਨਿਰਸੰਦੇਹ ਭਿੰਨ ਭਿੰਨ ਭਾਸ਼ਾਵਾਂ ਦੇ ਸਮਾਜੀ ਕਰਤਵ ਵੱਖ ਵੱਖ ਮਾਤਰਾ ਵਿਚ ਹੀ ਵਿਕਸਤ ਹੋ ਸਕਣਗੇ। ਸੋਵੀਅਤ ਤਜਰਬਾ ਇਹਨਾਂ ਸਵਾਲਾਂ ਦੇ ਸਿਧਾਂਤਕ ਅਤੇ ਅਮਲੀ ਦੋਵੇਂ ਹੱਲ ਲੱਭਣ ਵਿਚ ਸਹਾਇਤਾ ਕਰਦਾ ਹੈ।

ਜਿਥੋਂ ਤਕ ਇਕ ਲਿਖਤੀ ਭਾਸ਼ਾ, ਮਾਂ ਬੋਲੀਆਂ ਵਿਚ ਕੌਮੀ ਪੜ੍ਹਾਈ ਤੇ ਸਭਿਆਚਾਰ ਦੇ ਵਿਕਾਸ ਦਾ ਸੰਬੰਧ ਹੈ, ਇਸ ਦਾ ਮਨੁੱਖਤਾ ਦੇ ਤੀਜੇ ਹਿਸੇ (ਲਗ ਪਗ ਇਕ ਅਰਬ ਲੋਕਾਂ) ਦੇ ਵਰਤਮਾਨ ਤੇ ਭਵਿੱਖ ਨਾਲ

Sri Satguru Jagjit Singh Ji Elibrary NamdhariElibrary@gmail.com

ਵਾਸਤਾ ਹੈ ਜਿਸ ਕਾਰਨ ਇਹ ਆਧੁਨਿਕ ਸੰਸਾਰ ਦੀਆਂ ਅਤਿ ਮਹੱਤਵ ਪੂਰਨ ਸਮਾਜ-ਵਿਗਿਆਨਕ, ਰਾਜਨੀਤਕ, ਸਭਿਆਚਾਰਕ ਤੇ ਇਤਿਹਾਸਕ ਸਮੱਸਿਆਵਾਂ ਵਿਚੋਂ ਇਕ ਹੈ ।

ਲਿਪੀ ਤਿਆਰ ਕਰਦੇ ਸਮੇਂ ਜਾਂ ਇਸ ਨੂੰ ਸੋਧਣ ਵੇਲੇ, ਸੋਵੀਅਤ ਯੂਨੀਅਨ ਕੌਮੀ ਨੀਤੀ ਦੇ ਪਖੋਂ ਸਚਮੁਚ ਹੀ ਅੰਤਰ-ਰਾਸ਼ਟਰੀ ਅਸੂਲਾਂ ਤੋਂ ਅਗੇ ਚਲਿਆ । ਅਰਮੇਨੀਅਨ, ਜਾਰਜੀਅਨ, ਲਾਤਵੀਅਨ, ਲਿਥੂਆਨੀਅਨ ਤੇ ਐਸਤੋਨੀਅਨ, ਜੋ ਆਪਣੀ ਪੁਰਾਣੀ ਲਿਪੀ ਹੀ ਕਾਇਮ ਰਖਣਾ ਚਾਹੁੰਦੇ ਸਨ, ਫਿਨ ਤੇ ਦੂਜੀਆਂ ਕੌਮਾਂ ਵਾਂਗ ਅਜਿਹਾ ਕਰ ਸਕੇ । ਪੁਰਾਣੀ ਮੰਗੋਲੀਅਨ-ਊਈਗੁਰ ਤੇ ਅਰਬੀ ਲਿਪੀ ਨੂੰ ਛਡ ਕੇ ਰੂਸੀ ਵਰਣਮਾਲਾ ਵਲ ਆਉਣਾ ਪਹਿਲਾਂ ਤੋਂ ਇਹਨਾਂ ਦੀ ਵਰਤੋਂ ਕਰਨ ਵਾਲਿਆਂ ਦੀਆਂ ਇੱਛਾਵਾਂ ਅਨੁਕੂਲ ਸੀ ਜਿਹੜੇ ਅਧੂਰੀ ਮਧ-ਯੁਗੀ ਵਰਣਮਾਲਾ ਦੇ ਉਤਨੇ ਹੀ ਵਿਰੋਧੀ ਸਨ ਜਿਤਨੇ ਤੁਰਕ ਸਨ ਜਦੋਂ ਉਹਨਾਂ ਨੇ ਅਰਬੀ ਅੱਖਰਾਂ ਵਿਚ ਲਿਖਣਾ ਛਡਿਆ ।

ਏਸ਼ੀਆ, ਅਫ਼ਰੀਕਾ ਤੇ ਲਾਤੀਨੀ ਅਮਰੀਕਾ ਦੀਆਂ ਕੌਮਾਂ ਵਰਣਮਾਲਾਵਾਂ ਡੀਜ਼ਾਈਨ ਕਰਨ ਤੇ ਕੌਮੀ ਭਾਸ਼ਾਵਾਂ ਵਿਕਸਾਉਣ ਲਈ ਤਿਆਰੀ ਦੇ ਕੰਮ ਦੇ ਕੁਝ ਰੂਪ, ਜਿਹੜੇ ਸੋਵੀਅਤ ਯੂਨੀਅਨ ਵਿਚ ਪਰਖੇ ਜਾ ਚੁਕੇ ਹਨ, ਸਫ਼ਲਤਾ ਨਾਲ ਵਰਤ ਸਕਦੇ ਹਨ । ਨਵੇਂ ਆਜ਼ਾਦ ਹੋਏ ਏਸ਼ੀਆਈ ਤੇ ਅਫ਼ਰੀਕੀ ਰਾਜ ਉਹਨਾਂ ਭਾਸ਼ਾਵਾਂ ਦੇ, ਜਿਨ੍ਹਾਂ ਨੂੰ ਲਿਪੀ ਦੇਣੀ ਹੈ, ਅਧਿਅਨ ਜਥੇਬੰਦ ਕਰਨ ਦੀਆਂ, ਵਿਕਸਤ ਹੋਣ ਵਾਲੀ ਲਿਪੀ ਲਈ ਉਪ-ਭਾਖਾਈ ਆਧਾਰ ਚੁਣਨ; ਵਰਣ ਮਾਲਾਵਾਂ ਤਿਆਰ ਕਰਨ; ਵਰਣ ਬੋਧ ਤੇ ਸੰਕੇਤਾਵਲੀ ਤਿਆਰ ਕਰਨ; ਨਵੀਆਂ ਰਚੀਆਂ

Sri Satguru Jagjit Singh Ji Elibrary NamdhariElibrary@gmail.com

ਲਿਖਤੀ ਭਾਸ਼ਾਵਾਂ ਲਈ ਮੁੱਢਲੀਆਂ ਪੁਸਤਕਾਂ ਸੰਗ੍ਰਹਿਤ ਕਰਨ; ਮਾਂ ਬੋਲੀਆਂ ਵਿਚ ਪੜ੍ਹਾਈ ਕਰਾਉਣ; ਅਨਪੜ੍ਹਤਾ ਨੂੰ ਤੇਜ਼ੀ ਨਾਲ ਦੂਰ ਕਰਨ ਅਤੇ ਮਾਂ-ਬੋਲੀ ਵਿਚ ਸਿਖਲਾਈ ਪ੍ਰੋਗਰਾਮਾਂ ਨੂੰ ਨੇਪਰੇ ਚਾੜ੍ਹਨ; ਮਾਂ ਬੋਲੀਆਂ ਵਿਚ ਪੜ੍ਹਾਈ, ਛਪਾਈ, ਕਲਾ ਤੇ ਸਾਹਿਤ ਦੇ ਵਿਕਾਸ ਨੂੰ ਤੇਜ਼ ਕਰਨ ਦੀਆਂ ਵਿਸ਼ੇਸ਼ ਵਿਧੀਆਂ ਦੀ ਵਿਸ਼ਾਲ ਵਰਤੋਂ ਕਰ ਸਕਦੇ ਹਨ ।

ਪ੍ਰਕਾਸ਼ਤ ਵੇਰਵੇ ਅਨੁਸਾਰ, ਅਫ਼ਰੀਕਾ ਵਿਚ ਬਸਤੀਵਾਦੀ ਗ਼ਲਬੇ ਦੇ ਦੌਰ ਵਿਚ ਮਾਨਦਿਨਗੋ, ਜਿਹੜੀ ਤੀਹ ਤੋਂ ਪੰਜਾਹ ਲਖ ਲੋਕ ਬੋਲਦੇ ਹਨ, ੨੦ ਲੱਖ ਲੋਕਾਂ ਦੀ ਭਾਸ਼ਾ ਮੋਰੇ, ਲਗਪਗ ੫੦ ਲੱਖ ਦੀ ਜ਼ਬਾਨ ਫੂਲਾਨੀ ਅਤੇ ੧,੭੦੦,੦੦੦ ਬੋਲਣ ਵਾਲਿਆਂ ਦੀ ਭਾਸ਼ਾ ਉਮਬੰਦੂ ਜਿਹੀਆਂ ਅਫ਼ਰੀਕਨ ਭਾਸ਼ਾਵਾਂ ਵਿਚ ਕੋਈ ਸਾਹਿਤ ਨਹੀਂ ਸੀ । ਕੁਝ ਸੋਵੀਅਤ ਰੀਪਬਲਿਆਂ ਦੀਆਂ ਕੌਮਾਂ ਦੀ (ਲਿਪੀ ਦੀ ਅਣਹੋਂਦ ਸਬੰਧੀ) ਲਗ ਪਗ ਇਹੋ ਹੀ ਸਥਿਤੀ ਸੀ । ਮਿਸਾਲ ਲਈ, ਸੋਵੀਅਤ ਯੂਨੀਅਨ ਵਿਚ ਲਗ ਪਗ ਦਸ ਲੱਖ ਕਿਰਗੀਜ਼ਾਂ ਨੇ ਸੋਵੀਅਤ ਵਕਤਾਂ ਵਿਚ, ਪਹਿਲਾਂ ਨਹੀਂ, ਆਪਣੀ ਮਾਂ ਬੋਲੀ ਵਿਚ ਪਹਿਲੀ ਪੁਸਤਕ ਪ੍ਰਾਪਤ ਕੀਤੀ । ੪੦ਵਿਆਂ ਤਕ, ਭਾਵ ਅਕਤੂਬਰ ਇਨਕਲਾਬ ਤੋਂ ੨੦-੨੫ ਸਾਲ ਮਗਰੋਂ, ਕਿਰਗੀਜ਼ ਸੋਵੀਅਤ ਸੋਸ਼ਲਿਸਟ ਰੀਪਬਲਿਕ ਇਸ ਹੱਦ ਤਕ ਵਿਕਸਤ ਹੋ ਗਈ ਸੀ ਕਿ ਕਿਰਗੀਜ਼ ਕਾਲਜਾਂ ਵਿਚ ਕੁਝ ਵਿਗਿਆਨਕ ਵਿਸ਼ਿਆਂ ਦੀ ਪੜ੍ਹਾਈ, ਪ੍ਰਾਇਮਰੀ ਤੇ ਸੈਕੰਡਰੀ ਸਕੂਲਾਂ ਦੀ ਪੜ੍ਹਾਈ ਤੋਂ ਇਲਾਵਾ, ਸ਼ੁਰੂ ਹੋ ਗਈ ਸੀ । ਸਾਹਿਤਕ ਕਿਰਗੀਜ਼ ਤੇ ਆਧਾਰਤ ਕੌਮੀ ਸਭਿਆਚਾਰ ਪ੍ਰਫੁਲਤ ਹੋਇਆ ।

Sri Satguru Jagjit Singh Ji Elibrary NamdhariElibrary@gmail.com

ਵਿਗਿਆਨਾਂ ਦੀ ਕਿਰਗੀਜ਼ ਅਕਾਦਮੀ ਆਪਣੀਆਂ ਪ੍ਰਕਾਸ਼ਨਾਵਾਂ ਦਾ ਇਕ ਹਿੱਸਾ ਕਿਰਗੀਜ਼ ਭਾਸ਼ਾ ਵਿਚ ਪ੍ਰਕਾਸ਼ਤ ਕਰਦੀ ਹੈ। ਇਸ ਵੇਲੇ ਕਿਰਗੀਜ਼ ਲੋਕਾਂ ਦੇ ਆਪਣੇ ਲੇਖਕ, ਵਿਗਿਆਨੀ ਅਤੇ ਅਦਾਕਾਰ ਹਨ।

ਇਸ ਤੋਂ ਪਤਾ ਲਗਦਾ ਹੈ ਕਿ ਦੂਜੀਆਂ ਵਿਕਾਸਸ਼ੀਲ ਕੌਮਾਂ ਲਈ ਸੋਵੀਅਤ ਤਜਰਬਾ ਕਿੰਨਾ ਵਡਮੁਲਾ ਹੋ ਸਕਦਾ ਹੈ।

ਸੋਵੀਅਤ ਯੂਨੀਅਨ ਵਿਕਾਸ ਸਬੰਧੀ (ਵਿਗਿਆਨਕ ਤੌਰ ਤੇ, ਸਮਾਜ ਵਿਗਿਆਨਕ ਤੌਰ ਤੇ ਅਤੇ ਅਮਲੀ ਤੌਰ ਤੇ) ਬੇਹੱਦ ਜਟਿਲ ਸਵਾਲਾਂ ਦੇ ਸਚੇ ਅੰਤਰ-ਰਾਸ਼ਟਰੀ ਹਲ ਲਭਣ ਵਾਲਾ ਪਹਿਲਾ ਦੇਸ਼ ਹੈ।

ਹਰ ਕੌਮ ਦੇ ਅਲਗ ਅਲਗ ਰੂਪ ਵਿਚ ਅਤੇ ਸਭਨਾ ਕੌਮਾਂ ਦੇ ਮਿਲਵੇਂ ਰੂਪ ਵਿਚ ਹਿਤ, ਲੋੜਾਂ ਤੇ ਜ਼ਰੂਰਤਾਂ ਵਿਚ ਪੂਰੀ ਤਰ੍ਹਾਂ ਇਕ-ਸੁਰਤਾ ਪੈਦਾ ਕਰ ਦਿਤੀ ਗਈ ਹੈ। ਭਾਸ਼ਾਵਾਂ ਇਕ ਦੂਜੀ ਲਈ ਪੂਰਕ ਹਨ।

ਸੋਵੀਅਤ ਯੂਨੀਅਨ ਇਕ ਅੰਤਰ-ਰਾਸ਼ਟਰੀ ਫ਼ਰਜ਼ ਵਜੋਂ ਓਹਨਾਂ ਕੌਮਾਂ ਦੀ ਸਹਾਇਤਾ ਕਰਨ ਲਈ ਤਤਪਰ ਰਹੇਗਾ ਜਿਹੜੀ ਲਿਪੀ ਦੀ ਰਚਨਾ ਕਰਨ, ਅਨਪੜ੍ਹਤਾ ਨੂੰ ਦੂਰ ਕਰਨ ਅਤੇ ਸਭਿਆਚਾਰ ਤੇ ਸਮਾਜੀ ਜੀਵਨ ਦੀਆਂ ਹੋਰ ਸਮੱਸਿਆਵਾਂ ਨੂੰ ਹਲ ਕਰਨ ਸਬੰਧੀ ਸੋਵੀਅਤ ਤਜਰਬੇ ਵਿਚ ਦਿਲਚਸਪੀ ਰਖਦੀਆਂ ਹਨ।

Sri Satguru Jagjit Singh Ji Elibrary NamdhariElibrary@gmail.com

ਅੰਤਿਕਾ ਨੰਬਰ ੧

ਸੋਵੀਅਤ ਯੂਨੀਅਨ ਦੀਆਂ ਕੌਮਾਂ ਦੀਆਂ ਭਾਸ਼ਾਵਾਂ

ਸੋਵੀਅਤ ਯੂਨੀਅਨ ਵਿਚ ੧੩੦ ਕੌਮੀਅਤਾਂ (ਕੌਮੀ ਤੇ ਨਸਲੀ ਗਰੁਪ) ਦੇ ਲਗਪਗ ੨੩ ਕਰੋੜ ਲੋਕ ਵਸਦੇ ਹਨ।

ਸੋਵੀਅਤ ਯੂਨੀਅਨ ਦੀਆਂ ਮੁਖ ਕੌਮਾਂ ਤੇ ਕੌਮੀ ਗਰੁਪ ਇਸ ਪਰਕਾਰ ਹਨ :

	ਵਸੋਂ (ਹਜ਼ਾਰਾਂ ਵਿਚ)	ਕੁਲ ਵਸੋਂ ਦਾ ਫ਼ੀ ਸਦੀ
A. ਯੁਨੀਅਨ ਰੀਪਬਲਿਕਾਂ ਦੀਆਂ		
ਮੁਖ ਕੌਮੀਅਤਾਂ	੧੮੭,੬੩੧.੬	੮੯.੮੫
ਰੂਸੀ	੧੧੪,੧੧੪.੧	੫੪.੬੫
ਯੂਕਰੇਨੀ	੧੩੭,੨੫੨.੯	੧੭.੮੪
ਬੇਲੋਰੂਸੀ	੭,੯੧੩.੫	੩.੯੯
ਉਜ਼ਬੇਕ	੬,੦੧੫.੫	੨.੮੮
ਕਜ਼ਾਖ	੩,੬੨੧.੬	੧.੭੩

Sri Satguru Jagjit Singh Ji Elibrary NamdhariElibrary@gmail.com

ਆਜ਼ਰਬਾਈਜਾਨੀ	੨,੯੩੯.੭	੧.੪੩
ਆਰਮੇਨੀ	੨,੭੮੬.੯	੧.੩੪
ਜਾਰਜੀਆਈ	੨,੬੯੨.੦	੧.੨੯
ਲਿਥੂਆਨੀਅਨ	੨,੩੨੬.੧	੧.੧੧
ਮੋਲਦਾਵੀ	੨,੨੧੪.੧	੧.੦੬
ਲਾਤਵੀਅਨ	੧,੩੯੯.੫	੦.੬੭
ਤਾਜਿਕ	੧,੩੯੬.੯	੦.੬੭
ਤੁਰਕਮੇਨੀ	੧,੦੦੧.੬	੦.੪੮
ਐਸਤੋਨੀਅਨ	੯੮੮.੬	੦.੪੭
ਕਿਰਗ਼ੀਜ਼	੯੬੮,੭	੦.੪੬

B. ਖ਼ੁਦ-ਅਖ਼ਤਿਆਰ ਰੀਪਬਲਿਕਾਂ

ਦੀਆਂ ਮੁਖ ਕੌਮੀਅਤਾਂ	੧੩,੪੦੦.੨	੬.੪੨
ਤਾਤਾਰ	੪,੯੬੭.੭	੨.੩੮
ਚੂਵਾਸ਼	੧,੪੬੯.੭	੦.੭੦
ਮੋਰਦਵੀਨੀਅਨ	੧,੨੮੫.੧	੦.੬੨
ਬਾਸ਼ਕੀਰ	੯੮੯.੦	੦.੪੭
ਦਾਗਸਤਾਨੀ ਕੌਮੀਅਤਾਂ	੯੪੬.੮	੦.੪੫
ਸਮੇਤ :		
ਅਵਾਰੀਅਨ	੨੭੦.੪	੦.੧੩
ਲੇਜ਼ਗੀਅਨ	੨੨੩.੧	੦.੧੧

Sri Satguru Jagjit Singh Ji Elibrary NamdhariElibrary@gmail.com

ਦਾਰਘੀਨੀਅਨ	੧੫੮.੨	੦.੦੮
ਕੁਮੀਕ	੧੩੫.੦	੦.੦੬
ਲਾਕ	੬੩.੫	੦.੦੩
ਨੋਗਾਈਅਨ	੪੧.੨	੦.੦੨
ਤਾਬਾਸਾਰਾਨੀਅਨ	੩੪.੭	੦.੦੨
ਤਾਤ	੧੧.੫	੦.੦੧
ਉਦਮੂਰਤ	੬੨੪.੮	੦.੩੦
ਮਾਰੀ	੫੦੪.੨	੦.੨੪
ਕੋਮੀ ਅਤੇ ਕੋਮੀ-ਪੇਰਮੀਅਕ	੬੩੦.੯	੦.੨੧
ਚੇਚੇਨ	੪੧੮.੮	੦.੨੦
ਓਸੇਤ	੪੧੦.੦	੦.੨੦
ਬੁਰਜਾਤ	੨੫੩.੦	੦.੧੨
ਯਾਕੂਤ	੨੩੬.੭	੦.੧੧
ਕਾਬਾਰਦੀਅਨ	੨੦੩.੬	੦.੧੦
ਕਾਰਾ-ਕਾਲਪਕ	੧੭੨.੬	੦.੦੮
ਕਾਰੇਲੀਅਨ	੧੬੭.੩	੦.੦੮
ਕਾਲਮੀਕ	੧੦੬.੧	੦.੦੫
ਇਨਗੁਸ਼	੧੦੬.੦	੦.੦੫
ਅਬਖਾਜ਼ੀਅਨ	੬੫:੪	੦.੦੪
ਬਾਲਕਾਰੀਅਨ	੪੨.੪	੦.੦੨

Sri Satguru Jagjit Singh Ji Elibrary NamdhariElibrary@gmail.com

C. ਖ਼ੁਦ-ਅਖਤਿਆਰ ਪ੍ਰਦੇਸ਼ਾਂ ਅਤੇ ਕੌਮੀ ਖ਼ਿਤਿਆਂ ਦੀਆਂ ਮੁਖ ਕੌਮੀਅਤਾਂ ਤੇ ਕੌਮੀ ਗਰੁਪ	੨,੭੮੮.੫	੧.੩੩
ਉਤਰ ਦੇ ਲੋਕ	੧੨੭.੨	੦.੦੬
ਸਮੇਤ		
ਏਵੇਨਕੀ	੨੪.੭	੦.੦੧
ਨੇਨੇਤ	੨੩.੦	੦.੦੧
ਖਾਨਤੀ	੧੯.੪	੦.੦੧
ਚੁਕਚੀ	੧੧.੭	੦.੮੧
ਏਵੇਨ	੯.੧	੦.੦੦
ਨਾਨਾਈ	੮.੦	੦.੦੦
ਮਾਕਸੀ	੬.੪	੦,੦੦
ਕੋਰਯਾਕ	੬.੩	੦.੦੦
ਤੁਵੀਨੀਅਨ	੧੦੦.੧	੦.੦੫
ਕਾਰਾਚਾਯੇਵ	੮੧.੪	੦.੦੪
ਅਦੀਗੇਦੀ	੭੯.੬	੦.੦੪
ਅਬਾਜ਼ੀਨੀਅਨ	੧੯.੬	੦,੦੧
ਖਾਹਾਸ	੫੬.੬	੦.੦੩
ਅਲਤਾਈਅਨ (ਓਈਰੋਤ)	੪੫.੩	੦.੦੨

Sri Satguru Jagjit Singh Ji Elibrary NamdhariElibrary@gmail.com

ਹੋਰ ਕੌਮੀਅਤਾਂ

ਉਈਗੁਰ	੯੫.੨	੦.੦੫
ਕੁਰਦ	੫੮.੮	੦.੦੩
ਗਾਗਾਊਜ਼	੧੦੬.੪	੦.੦੫
ਦਨਗਾਨ	੨੧.੯	੦.੦੧

Sri Satguru Jagjit Singh Ji Elibrary NamdhariElibrary@gmail.com

ਅੰਤਿਕਾ ਨੰਬਰ ੨

ਸੋਵੀਅਤ ਯੂਨੀਅਨ ਵਿਚ ਲੋਕ ਵਿਦਿਆ

ਰੀਪਬਲਿਕਾਂ	ਸਕੂਲਾਂ ਦੀ ਗਿਣਤੀ		ਵਿਦਿਆਰਥੀਆਂ ਦੀ ਗਿਣਤੀ (ਹਜ਼ਾਰ)		ਕਾਲਜਾਂ ਦੀ ਗਿਣਤੀ		ਵਿਦਿਆਰਥੀਆਂ ਦੀ ਗਿਣਤੀ	
	੧੯੧੪/੧੫	੧੯੬੫/੬੬	੧੯੧੪/੧੫	੧੯੬੫/੬੬	੧੯੧੪/੧੫	੧੯੬੫/੬੬	੧੯੧੪/੧੫	੧੯੬੫/੬੬
ਰੂਸੀ ਫ਼ੈਡਰੇਸ਼ਨ	੭੭੩੦੦	੧੧੯੭੪੬	੫੬੮੪	੨੬੩੭੪	੭੨	੪੩੨	੮੬.੨	੨੩੫੩.੯
ਯੂਕਰੇਨੀਅਨ	੨੬੦੬੯	੩੪੬੧੩	੨੬੦੭	੮੬੭੧	੨੭	੧੩੨	੩੫.੨	੬੯੦.੦
ਬੇਲੋਰੂਸੀ	੭੬੮੨	੧੩੦੦੦	੪੮੯	੧੭੮੨	—	੨੭	—	੧੦੪.੦
ਉਜ਼ਬੇਕ	੧੬੫	੮੭੧੬	੧੮	੨੪੭੬	—	੩੨	—	੧੬੫.੮
ਕਜ਼ਾਖ	੨੦੦੬	੧੦੫੭੮	੧੦੫	੨੮੦੯	—	੩੯	—	੧੪੪.੭
ਜਾਰਜੀਅਨ	੧੭੬੫	੪੬੭੩	੧੫੭	੯੩੮	੧	੧੮	੦.੩	੭੬.੬
ਆਜ਼ਾਰਬਾਈਜਾਨ	੯੭੬	੫੪੯੧	੭੩	੧੧੪੧	—	੧੧	—	੬੭.੦
ਲਿਥੂਆਨੀਆਂ	੧੭੦੦	੪੪੦੪	੧੧੮	੫੫੬	—	੧੧	—	੪੬.੪
ਮੋਲਦਾਵੀਆ	੧੩੧੪	੨੫੫੨	੯੨	੭੬੬	—	੭	—	੩੬.੩
ਲਾਤਵੀਆ	੨੨੭	੧੩੮੨	੧੭੨	੩੪੯	੧	੧੦	੨.੧	੩੩.੧
ਕਿਰਗੀਜ਼	੧੦੭	੨੦੫੬	੭	੬੨੯	—	੮	—	੩੨.੨
ਤਾਜਿਕ	੧੦	੨੮੩੪	੦.੪	੫੮੩	—	੭	—	੩੦.੪
ਆਰਮੇਨੀਆ	੪੫੯	੧੫੭੪	੩੫	੫੨੯	—	੧੧	—	੩੮.੯
ਤੁਰਕਮੇਨੀਆ	੫੮	੧੬੦੩	੭	੪੩੫	—	੫	—	੧੯.੮
ਐਸਤੋਨੀਆ	੧੭੮੦	੧੦੬੮	੯੨	੨੧੭	੪	੬	੩.੩	੨੧.੪

Sri Satguru Jagjit Singh Ji Elibrary
NamdhariElibrary@gmail.com

ਭਾਰਤ ਵਿਚ ਸੋਵੀਅਤ ਦੂਤਾਵਾਸ ਦੇ ਸੂਚਨਾ ਵਿਭਾਗ ਨੇ, ੨੫ ਬਾਰਾਖੰਬਾ ਰੋਡ, ਨਵੀਂ ਦਿੱਲੀ ਤੋਂ ਪ੍ਰਕਾਸ਼ਤ ਕੀਤਾ, ਅਤੇ ਨਵਯੁਗ ਪ੍ਰੈਸ, ਚਾਂਦਨੀ ਚੌਕ, ਦਿੱਲੀ ਵਿਚ ਛਪਿਆ ।

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com